# ਜਵਾਲਾ ਮੁਖੀ

ਬਾਵਾ ਬਲਵੰਤ

DEPARTMENT OF LANGUAGES
LIBRARY
PUNJAB, PATIALA

ਲਾਹੌਰ
ਸਿਖ ਯੂਨੀਵਰਸਿਟੀ ਪ੍ਰੈਸ,
ਨਿਸਬਤ ਰੋਡ

Digitized by Panjab Digital Library | www.panjabdigilib.org

ਸਭ ਹੱਕ ਕਰਤਾ ਦੇ ਰਾਖਵੇਂ ਹਨ ।

16 G
8.21

ਪਹਿਲੀ ਵਾਰ—ਅਕਤੂਬਰ ੧੯੪੩

੫੦੦ ਕਾਪੀਆਂ

ਮੁਲ ੧॥)

ਪ੍ਰਕਾਸ਼ਕ: ਜੀਵਣ ਸਿੰਘ ਐਮ. ਏ. ਸਿਖ ਯੂਨੀਵਰਸਿਟੀ ਪ੍ਰੈਸ, ਲਾਹੌਰ

ਆਸ਼ਾ ਆਰਟ ਪ੍ਰੈਸ, ੨੬ ਮੈਕਲੋਡ ਰੋਡ, ਲਾਹੌਰ

Digitized by Panjab Digital Library | www.panjabdigilib.org

ਸਰਬ-ਸਾਂਝ ਤੇ ਦੁਨੀਆ ਦੇ ਅਮਨ
ਲਈ ਮੁਲਕ-ਬਦਰ ਹੋਏ ਮਹਾਂ ਪੁਰਸ਼ਾਂ,
ਫ਼ੈਸਿਜ਼ਮ, ਨਾਜ਼ੀਵਾਦ ਤੇ ਹੋਰ ਸਾਮ-
ਰਾਜ ਸ਼ਾਹੀ ਕੈਦਾਂ ਵਿਚ ਸੜ ਰਹੇ
ਆਜ਼ਾਦੀ ਦੇ ਪੁਜਾਰੀਆਂ, ਅਤੇ ਸੁਰਬ-
ਮਾਨਵਤਾ ਲਈ ਕੁਰਬਾਨ ਹੋਏ
ਸ਼ਹੀਦਾਂ ਦੇ

ਨਾਂ



Digitized by Panjab Digital Library | www.panjabdigilib.org

## ਧੰਨਵਾਦ

ਮੁਖਚਿਤ੍ਰ ਮੇਰੇ ਬਚਪਨ ਦੇ ਦੋਸਤ ਹੋਣਹਾਰ ਚਿਤ੍ਰਕਾਰ ਟੀ. ਐਸ. ਦੀਪਕ ਦੇ ਪੁਰਜ਼ੋਰ ਬੁਰਸ਼ ਦਾ ਕ੍ਰਸ਼ਮਾ ਹੈ। ਉਨ੍ਹਾਂ ਨੇ ਕਮਾਲ ਮਿਹਨਤ ਤੇ ਦਿਲੀ ਪਿਆਰ ਨਾਲ ਜੁਆਲਾ ਮੁਖੀ ਨੂੰ ਸਾਕਾਰ ਕੀਤਾ ਹੈ।

—ਬਲਵੰਤ



Digitized by Panjab Digital Library | www.panjabdigilib.org

# ਤਤਕਰਾ


| | | | |
|---|---|---|---|
| ਦੋਜ | ੧੭ | ਆਇਨ ਸਟਾਈਨ | ੬੫ |
| ਸਜ਼ਾ | ੨੦ | ਲਖ਼ਸ਼ | ੬੯ |
| ਟ੍ਰਾਟਸਕੀ | ੨੩ | ਝੂਠ | ੭੩ |
| ਤੇਰੀ ਕੌਣ ਸੁਣੇ | ੨੭ | ਅਨੋਖਾ ਖ਼ੁਦਾ | ੭੭ |
| ਜਵਾਨੀ | ੩੦ | ਸ਼ੁਭਾਸ਼ ਬਾਬੂ ਦੇ ਗੁੰਮ ਹੋ ਜਾਣ ਤੇ | ੮੦ |
| ਤਰੱਕੀ | ੩੪ | ਕ਼ਫ਼ਨ | ੮੧ |
| ਹਰਾਮੀ | ੩੬ | ਵੇਸਵਾ | ੮੬ |
| ਨੌਕਰ | ੪੦ | ਮਜਬੂਰੀ | ੮੯ |
| ਆਸ ਕਿਰਨ | ੪੩ | ਗਰਮੀ | ੯੩ |
| ਨਾਚੀ | ੪੬ | ਰੱਬ ਦਾ ਹੁਕਮ | ੯੭ |
| ਰੈਲ਼ਫ਼ ਫ਼ੌਕਸ | ੪੯ | ਸਮਾਜ ਦਾ ਬੁਤ | ੯੯ |
| ਭੂਮਕੇਤੂ | ੫੩ | ਕਦਰ | ੧੦੨ |
| ਉਸਤਾਦ | ੫੫ | ਰੂਸ | ੧੦੫ |
| ਨੌਜਵਾਨ ਨੌਜਵਾਨ ਨੂੰ | ੫੯ | | |
| ਫ਼ੈਸਲਾ | ੬੨ | | |




Digitized by Panjab Digital Library | www.panjabdigilib.org

ਕਰਤਾ : ਬਾਵਾ ਬਲਵੰਤ

ਪਿਤਾ : ਠਾਕਰ ਦੀਨਾ ਨਾਥ

ਜਨਮ : ਅਗਸਤ ੧੯੧੫

ਜਨਮ-ਸਥਾਨ : ਨੇਸ਼ਟਾ,

ਸਟੇਸ਼ਨ : ਅਟਾਰੀ ਸ਼ਾਮ ਸਿੰਘ,

ਜ਼ਿਲਾ ਅੰਮ੍ਰਿਤਸਰ

ਛਪ ਚੁਕੀਆਂ ਪੁਸਤਕਾਂ :

ਮਹਾਂ ਨਾਚ (੧੯੪੧)

ਅਮਰ ਗੀਤ (੧੯੪੨)

ਛਪ ਰਹੀ ਪੁਸਤਕ :

ਬੰਦਰ-ਗਾਹ

ਅਜ ਕਲ ਦਾ ਪਤਾ :

ਰਾਜ ਦੀ ਹਟੀ,
ਬਜ਼ਾਰ ਮੁਨਿਆਰਾਂ,
ਅੰਮ੍ਰਿਤਸਰ



Digitized by Panjab Digital Library | www.panjabdigilib.org

# ਸਤਕਾਰ

'ਸਦੀਆਂ ਪਿੱਛੋਂ ਹੀ ਕੋਈ ਅਸਲੀ ਕਵੀ ਦੁਨੀਆ ਤੇ ਪੈਦਾ ਹੁੰਦਾ ਹੈ।' ਇਹ ਕਥਨ ਬਾਵਾ ਬਲਵੰਤ ਤੇ ਠੀਕ ਢੁਕਦਾ ਹੈ। ਮਹਾਂ ਕਵੀਆਂ ਵਾਲੇ ਲਗ-ਪਗ ਸਾਰੇ ਦੇ ਸਾਰੇ ਗੁਣ ਇਨ੍ਹਾਂ ਦੀ ਕਵਿਤਾ ਵਿਚ ਮੌਜੂਦ ਹਨ। ਇਨ੍ਹਾਂ ਦਾ ਕਾਵ-ਮਜ਼ਮੂਨ ਜ਼ਿੰਦਗੀ ਹੈ, ਜੋ ਸਾਰੇ ਬ੍ਰਹਿਮੰਡ ਦੀ ਰੂਹ ਹੈ ਅਤੇ ਇਨ੍ਹਾਂ ਦਾ ਕਾਵ-ਹੀਰੋ ਮਨੁੱਖ ਹੈ, ਜੋ ਕੁਦਰਤ ਦਾ ਸ਼ਾਹਕਾਰ ਹੈ। ਮਹਾਨ ਆਤਮਾਂ ਵਾਂਗ ਇਨ੍ਹਾਂ ਦਾ ਸ਼ਾਂਤੀ-ਪੂਰਤ ਪੈਗ਼ਾਮ ਹਰ ਕੌਮ ਤੇ ਹਰ ਮਨੁੱਖੀ ਹਿਰਦੇ ਲਈ ਸਾਂਝਾ ਹੈ। ਇਹ ਕਵੀ ਦੁਨੀਆ ਨੂੰ ਆਪਣੇ ਹੀ ਦ੍ਰਿਸ਼ਟੀ-ਕੋਣ ਨਾਲ ਵੇਖਦਾ ਹੈ, ਤੇ ਦੁਨੀਆ ਦੀਆਂ ਗ਼ਲਤ ਕੀਮਤਾਂ ਦੀ ਥਾਂ ਸਹੀ ਕੀਮਤਾਂ ਪ੍ਰਚਲਤ ਕਰਦਾ ਹੈ। ਇਹ ਕਲਾਕਾਰ ਹੁਸੀਨ ਸੁਪਨੇ ਹੀ ਨਹੀਂ ਉਲੀਕਦਾ, ਸਗੋਂ ਆਪਣੀ ਕਲਮ ਦੀ ਜੁੰਬਸ਼ ਨਾਲ ਠੋਸ ਹਕੀਕਤ 'ਅਮਲ' ਦੀ ਨੀਂਹ ਤੇ ਮਨੁੱਖ ਯਾਤ੍ਰੀ ਲਈ ਇਕ ਸ਼ਾਹਰਾਹ ਤਿਆਰ ਕਰਦਾ ਹੈ। ਇਸ ਦੀ ਕਵਿਤਾ ਵਿਚ ਗੂੜ੍ਹਾ ਫ਼ਲਸਫ਼ਾ, ਅਟਲ ਸਚਾਈਆਂ ਤੇ ਮਾਨਵ-ਹਿਰਦੇ ਦੀਆਂ ਗੁੱਝੀਆਂ ਕਸਕਾਂ ਦੇ ਹੂ-ਬ-ਹੂ ਚਿਤ੍ਰ ਹਨ। ਇਸ ਦੀ ਕਵਿਤਾ ਵਿਚੋਂ ਅਸੀਂ ਮਨੁੱਖੀ ਰੂਹ ਦਾ ਤੂਫ਼ਾਨੀ ਨਗ਼ਮਾ ਸੁਣਦੇ ਹਾਂ, ਜਿਹੜਾ ਦੁਨੀਆ ਦੀਆਂ ਸੁੱਤੀਆਂ ਸ਼ਕਤੀਆਂ ਨੂੰ ਬੇਦਾਰ ਕਰ ਕੇ ਸਾਨੂੰ ਇਕ ਨਵੀਂ ਧਰਤੀ, ਨਵੇਂ ਅਸਮਾਨ ਤੇ ਨਵੇਂ ਲੋਕ ਵਿਚ ਪੁਚਾ ਦਿੰਦਾ ਹੈ।

ਬਾਵਾ ਜੀ ਦੀ ਪਹਿਲੀ ਪੁਸਤਕ 'ਮਹਾਂ-ਨਾਚ' ਦੇ ਬਹੁ-ਭਾਂਤ ਨਾਚਾਂ ਵਿਚ ਕਈ ਪ੍ਰਬਲ ਤਾਂਡਵ-ਨਾਚ ਸਨ। ਪਰ ਇਸ ਪੁਸਤਕ 'ਜਵਾਲਾ-ਮੁਖੀ' ਦੀ ਹਰ ਲਾਟ ਵਿਚ ਕਈ ਕਈ ਤਾਂਡਵ-ਨਾਚ ਹਨ। ਕਵੀ ਦੀ ਮਹਾਂ ਸ਼ਕਤੀ ਦਾ ਇਕ ਅਗਨੀ-ਨਾਚ ਪੁਰਾਣੇ ਨਜ਼ਾਮ ਨੂੰ ਸਾੜ ਕੇ ਆਪਣੇ ਅੰਦਰਲੀ ਸੁਖ-ਸ੍ਰਿਸ਼ਟੀ ਦੀ ਕਲਪਨਾ ਨੂੰ ਆਪਣੇ



Digitized by Panjab Digital Library | www.panjabdigilib.org

ਹੀ ਚਾਨਣ ਨਾਲ ਉਜਾਗਰ ਕਰਦਾ ਹੈ ।

ਦੁਨੀਆ ਦੀ ਅਸ਼ਾਂਤੀ ਦਾ ਸਭ ਤੋਂ ਵੱਡਾ ਕਾਰਨ ਆਰਥਕ ਹੱਲ ਦੀਆਂ ਨੀਹਾਂ ਤੇ ਨਿਜ਼ਾਮ ਨੂੰ ਨਾ ਉਸਾਰਨਾ ਹੈ । ਪੁਰਾਤਨ ਵਿਚਾਰਵਾਨਾਂ ਤੇ ਮਹਾਂ ਪੁਰਸ਼ਾਂ ਦਾ ਹੱਲ ਮਨ ਦਾ ਸੰਤੋਖ ਸੀ। ਇਸੇ ਲਈ ਉਨ੍ਹਾਂ ਨੇ ਸਮਗ੍ਰੀ ਦਾ ਇਕੱਠਾ ਕਰਨਾ ਗੁਨਾਹ ਦਸਿਆ। ਉਸ ਦਾ ਸਿੱਟਾ ਇਹ ਹੋਇਆ ਕਿ ਸੰਤੋਖੀਆਂ ਨੇ ਸਭ ਕੁਝ ਛਡ ਦਿਤਾ ਤੇ ਮਾਯਾ-ਵਾਦੀਆਂ ਨੇ ਉਨ੍ਹਾਂ ਤੇ ਕਬਜ਼ਾ ਕਰ ਲਿਆ । ਮਾਯਾ-ਵਾਦ ਦੀ ਅਸਲੀਅਤ ਤੋਂ ਨਾਂਹ ਨਹੀਂ ਕੀਤੀ ਜਾ ਸਕਦੀ । ਸੰਤੋਖੀਆਂ ਦਾ ਸੰਤੋਖ ਭੰਗ ਹੋ ਗਿਆ । ਆਤਮਕ ਉਨਤੀ, ਸ਼ਾਂਤੀ, ਸੰਤੋਖ ਚੰਗੀਆਂ ਚੀਜ਼ਾਂ ਹਨ ਪਰ ਆਰਥਕ ਆਜ਼ਾਦੀ ਤੋਂ ਬਿਨਾਂ ਇਹ ਅਸੰਭਵ ਹਨ। ਆਰਥਕ ਆਜ਼ਾਦੀ ਤੋਂ ਭਾਵ ਦੁਨੀਆ ਦੀਆਂ ਨਿਹਮਤਾਂ ਦੀ ਇਕੋ ਜਹੀ ਵੰਡ ਹੈ । ਇਹੋ ਕਾਰਨ ਸੀ ਕਿ ਧੰਨੇ ਭਗਤ ਨੇ ਆਤਮਕ ਉਨਤੀ ਤੋਂ ਪਹਿਲਾਂ ਆਰਥਕ ਆਜ਼ਾਦੀ ਮੰਗੀ । ਆਟਾ, ਘਿਉ, ਲੂਣ ਹੀ ਨਹੀਂ ਸਗੋਂ ਲਵੇਰੀ ਗਊ, ਚੰਗੀ ਘੋੜੀ ਅਤੇ ਇਕ ਸੋਹਣੀ ਤੇ ਸੁਲੱਖਣੀ "ਗੀਹਣ" (ਪਤਨੀ) ਵੀ । ਇਸਤ੍ਰੀ ਪੁਰਸ਼ ਦੀ ਸਰੀਰਕ ਸਾਂਝ ਵੀ ਹਰ ਉਨਤੀ ਲਈ ਜ਼ਰੂਰੀ ਹੈ । ਇਸ ਤੋਂ ਮੁਕਰਿਆ ਨਹੀਂ ਜਾ ਸਕਦਾ । ਜਦ ਇਹ ਚੀਜ਼ਾਂ ਅੱਤ ਜ਼ਰੂਰੀ ਹਨ ਅਤੇ ਜਦ ਇਨ੍ਹਾਂ ਤੋਂ ਬਿਨਾਂ ਤਿਆਗ ਦਾ ਸੰਤੋਖ ਤੇ ਪਰਮ-ਅਨੰਦ ਸਮਾਧੀ ਵੀ ਟੁਟ ਜਾਂਦੀ ਹੈ ਤਾਂ ਇਨ੍ਹਾਂ ਦਾ ਹੱਲ ਜ਼ਰੂਰੀ ਸੀ । ਹੱਲ ਮਾਰਕਸ ਨੇ ਲਭ ਲਿਆ ਹੈ ਤੇ ਅਗੇ ਪਰਪਕ ਕਰ ਕੇ ਦੁਨੀਆ ਦੇ ਇਸੇ ਤਖ਼ਤੇ ਤੇ ਉਸ ਹੱਲ ਨੂੰ ਨਵੇਂ ਨਿਜ਼ਾਮ ਵਿਚ ਵਰਤਿਆ ਵੀ ਗਿਆ ਹੈ । ਉਹ ਨਿਜ਼ਾਮ ਕਰੜੇ ਤੋਂ ਕਰੜੇ ਇਮਤਿਹਾਨਾਂ ਵਿਚੋਂ ਪਾਸ ਹੋ ਰਿਹਾ ਹੈ ਪਰ ਦੁਨੀਆ ਦੇ ਮੁੱਠੀ ਭਰ ਸਰਮਾਇਆ-ਦਾਰਾਂ ਤੇ ਉਨ੍ਹਾਂ ਦੀ ਪ੍ਰੇਰਨਾ ਹੇਠਾਂ ਚਲ ਰਹੀਆਂ ਹਕੂਮਤਾਂ ਨੂੰ ਇਹ ਮਨਜ਼ੂਰ ਨਹੀਂ । ਉਨ੍ਹਾਂ ਦੇ ਠੂਠੇ ਮੂਧੇ ਹੋ ਜਾਣ ਦਾ ਭੈ ਹੈ। ਉਹ



Digitized by Panjab Digital Library | www.panjabdigilib.org

ਸਦੀਆਂ ਦੀਆਂ ਇੱਟਾਂ ਲੱਗ ਲਗ ਕੇ ਬਣੀ ਭੱਦੀ ਇਮਾਰਤ ਨੂੰ ਢਹਿ ਢੇਰੀ ਹੁੰਦਾ ਨਹੀਂ ਵੇਖ ਸਕਦੇ । ਇਹ ਉਨ੍ਹਾਂ ਦੀ ਖ਼ੁਦਗਰਜ਼ੀ ਹੈ ਤੇ ਖ਼ੁਦਗਰਜ਼ੀ ਤਰੱਕੀ ਦੇ ਰਾਹ ਵਿਚ ਸਦਾ ਰੋੜਾ ਸਾਬਤ ਹੋਈ ਹੈ । ਇਸ ਪੁਰਾਣੀ ਬਣਤਰ-ਮਹੱਲ ਦੀਆਂ ਭੂਲ-ਭੁੱਲਈਆਂ ਵਿਚ ਕਦੇ ਸੂਰਜ ਦੀ ਕਿਰਨ ਨਹੀਂ ਗਈ । ਉਹ ਰੌਸ਼ਨ ਕਿਰਨ ਅੱਜ ਬਾਵਾ ਬਲਵੰਤ ਬਣ ਕੇ ਹਿਰਦੇ ਦੀਆਂ ਲਾਟਾਂ ਨਾਲ ਇਨ੍ਹਾਂ ਦਾ ਨੰਗੇਜ ਇਨਸਾਨੀਤ ਦੇ ਸਾਹਮਣੇ ਰੱਖਣ ਲਈ ਆਈ ਹੈ। ਇਹ ਤੇਜ਼ ਕਿਰਨ ਹਿੰਦ ਵਿਚ ਠੀਕ ਆਈ ਹੈ ਪਰ ਉਸ ਦਾ ਚਾਨਣ ਸਾਰੀ ਦੁਨੀਆ ਤੇ ਫੈਲੇਗਾ । ਕੌਮਾਂ, ਨਸਲਾਂ, ਰਾਜ ਬਣਤਰਾਂ ਤੇ ਬੋਲੀਆਂ ਦੇ ਪਹਾੜ ਕਿਸੇ ਤਰ੍ਹਾਂ ਵੀ ਉਸ ਦੀ ਪ੍ਰਚੰਡ ਅਗਨੀ ਨੂੰ, ਜੋ ਆਤਸ਼ੀ ਸ਼ੀਸ਼ੇ ਵਾਂਗ ਕਾਲੀਆਂ ਬੁਲ੍ਹਾਵਾਂ ਨੂੰ ਚਮਕਾ ਸਾਡੀ ਦ੍ਰਿਸ਼ਟੀ ਗੋਚਰ ਹੀ ਨਹੀਂ ਕਰੇਗੀ ਸਗੋਂ ਉਨ੍ਹਾਂ ਨੂੰ ਸਾੜ ਫੂਕ ਸੁਆਹ ਵੀ ਕਰ ਦੇਵੇਗੀ, ਨਹੀਂ ਰੋਕ ਸਕਣਗੇ।

ਪੁਰਾਣੇ ਨਿਜ਼ਾਮ ਦੇ ਬਾਹਰੋਂ ਮੀਨਾ-ਮਹਿਲ ਦੇ ਅੰਦਰ ਵੜਦਿਆਂ ਹੀ ਕਵੀ-ਆਤਮਾ ਦੀ ਕਿਰਨ ਜੋਤ ਦਾ ਚਾਨਣ ਅੱਖਾਂ ਵਿਚੋਂ ਫ਼ੋਕਸ ਹੋ ਕੇ 'ਸਜ਼ਾ' ਤੇ ਪੈਂਦਾ ਹੈ । ਇਹ ਕਾਲੀ ਬਲਾ ਪੁਰਾਣੇ ਨਿਜ਼ਾਮ ਦੇ ਬਾਹਰਲੇ ਵਿਹੜੇ ਵਿਚ ਖੜੀ ਹੈ । ਸਜ਼ਾ ਦੇ ਬਦਲਾ ਲੈਣ ਦੇ ਅਸੂਲ ਤੇ 'ਕੰਨ ਬਦਲੇ ਕੰਨ' ਤੇ 'ਅੱਖ ਬਦਲੇ ਅੱਖ' ਦੇ ਗਿਣਤ ਅਵਾਜੇ ਨੂੰ ਕਵੀ ਨੇ ਬੁਰੀ ਤਰ੍ਹਾਂ ਭੰਡਿਆ ਹੈ । ਉਸ ਦੇ ਖੋਖਲੇ-ਪਣ ਨੂੰ ਦ੍ਰਿਸ਼ਟੀ ਗੋਚਰ ਕੀਤਾ ਹੈ । ਸਜ਼ਾ ਦਾ ਇਹ ਕਮਜ਼ੋਰ ਵਜੂਦ ਉਸ ਦੀ ਨਜ਼ਰ ਦੇ ਭਾਰ ਹੇਠਾਂ ਬਹਿ ਕੇ ਢਹਿ ਢੇਰੀ ਹੋ ਜਾਂਦਾ ਹੈ । ਭਾਵੇਂ ਪੁਰਾਣੇ ਨਿਜ਼ਾਮ ਦੇ ਜਮਦੂਤਾਂ ਵਰਗੇ ਰਾਜ ਦੂਤ ਉਸ ਨੂੰ ਲੱਕੋਂ ਫੜ ਕੇ ਖੜਾ ਕਰਨ ਦਾ ਬੜਾ ਜਤਨ ਕਰਦੇ ਹਨ ।

ਕਵੀ ਸਜ਼ਾ ਦੇ ਗਿਆਨ-ਮਸਲੇ ਤੇ ਵਿਚਾਰ ਲਈ ਪ੍ਰੇਰਦਾ ਹੈ । ਇਕ ਹੱਲ ਦਸਦਾ ਹੈ । ਕੈਦੀ ਦੀ ਮਨੋ-ਵਿਗਿਅਨਕ ਪੜਚੋਲ



Digitized by Panjab Digital Library | www.panjabdigilib.org

ਚਾਹੁੰਦਾ ਹੈ ਤੇ ਤਸ਼ਖ਼ੀਸ ਦੇ ਮਗਰੋਂ ਦਵਾਈ ਦੇ ਨਾਲ ਪੌਣ-ਪਾਣੀ ਜਾਂ ਆਲੇ-ਦਵਾਲੇ ਦੀ ਬਦਲੀ ਚਾਹੁੰਦਾ ਹੈ ।

ਬਾਵਾ ਬਲਵੰਤ ਦੇ ਇਸ ਸੰਗ੍ਰਿਹ ਵਿਚ ਬਹੁਤੀਆਂ ਕਵਿਤਾਵਾਂ ਇਕ-ਪਾਤ੍ਰੀ ਨਾਟਕ (Dramatic Monologues) ਹਨ । ਇਸ ਤਰ੍ਹਾਂ ਦੀ ਕਵਿਤਾ ਉਤੇ ਵਲੈਤ ਵਿਚ ਬਹੁਤ ਸਾਰੇ ਕਵੀਆਂ ਨੇ ਹੱਥ ਪਰਤਾਏ ਪਰ ਬ੍ਰਾਊਨਿੰਗ ਦੇ ਹੱਥ ਵਿਚ ਇਹ ਇਕ ਕਾਮਯਾਬ ਸਾਜ਼ ਬਣੀ । ਇਸ ਤਰ੍ਹਾਂ ਦੀ ਕਵਿਤਾ ਵਿਚ ਕਵੀ ਨੂੰ ਆਪਣੇ ਜਜ਼ਬਿਆਂ ਤੇ ਕਾਬੂ ਰੱਖਣਾ ਪੈਂਦਾ ਹੈ ਤੇ ਖ਼ਿਆਲਾਂ ਤੇ ਵਲਵਲਿਆਂ ਨੂੰ ਪਾਤ੍ਰ ਦੇ ਜੀਵਨ ਦੇ ਸੱਚੇ ਚੋਂ ਢਾਲ ਕੇ ਕੱਢਣਾ ਪੈਂਦਾ ਹੈ । ਦੁਖੀ ਦੇ ਮੂੰਹੋਂ ਦੁਖ-ਪੀੜਾ ਸੁਣਾਉਣ ਲਈ ਇਸ ਤੋਂ ਵੱਧ ਢੁਕਦਾ ਕੋਈ ਕਾਵ-ਭੇਦ ਨਹੀਂ ਤੇ ਇਸ ਨੂੰ ਹਥਿਆਉਣਾ ਤੇ ਠੀਕ ਤਰੀਕੇ ਨਾਲ ਵਰਤਣਾ ਮਾੜੇ ਮੋਟੇ ਕਵੀ ਦਾ ਕੰਮ ਨਹੀਂ ।

ਪੁਰਾਣੀ ਰਾਜ ਬਣਤਰ ਦੇ ਇਕ ਹਨੇਰੇ ਘੁਪ ਘੇਰ ਜ਼ਮੀਨ-ਦੋਜ਼ ਜਹੇ ਰਸਤੇ ਤੇ ਇਕ ਮਜ਼ਦੂਰ ਜੁਆਨ ਆਪਣੀ ਜਵਾਨੀ ਦੀ 'ਤਾਰੀਫ਼' ਵਿਚ ਇਉਂ ਕਹਿ ਰਿਹਾ ਹੈ:—

ਮੌਤ ਦੀ ਕਾਲੀ ਭਿਆਨਕ ਗ਼ਾਰ ਤਕ
ਉਤਰਦੀ ਪੌੜੀ ਹੈ ਇਹ;
ਭੁਖ ਦੇ ਜੰਗਲ ਨੂੰ ਜਾਂਦਾ ਇਕ ਰਾਹ,
ਇਕ ਪੱਗ-ਡੰਡੀ ਜਹੀ
ਨਾ ਉਮੀਦੀ ਦੇ ਕਿਸੇ ਪਰਦੇਸ ਨੂੰ ।

ਅਤੇ ਉਹ ਆਪਣੇ ਮਾਲਕਾਂ ਦੇ ਐਸ਼ ਅਨੰਦ ਤੇ ਉਸ ਦੇ ਲਹੂ ਨੂੰ ਚੂਸ ਕੇ ਵਧਾਏ ਹੋਏ ਖ਼ੂਨ ਦੇ ਵੇਗ ਤੋਂ ਉਪਜੀ ਵਿਸ਼ੇ-ਵਾਸ਼ਨਾ ਦੇ ਗੰਦੇ ਪਿਆਰ ਤੇ ਇਉਂ ਚੋਟ ਕਰਦਾ ਹੈ :

"ਭੈਣ ਦੇ ਇਕ ਸ਼ਬਦ ਵਿਚ ਹੁੰਦਾ ਏ ਪਿਆਰ ।

ਜੋ ਜ਼ੁਲਮ ਦੁਨੀਆ ਨੇ ਇਸ ਨਿਜ਼ਾਮ ਦੀ ਛਤ ਹੇਠ ਹਰਾਮੀ ਤੇ ਕੀਤੇ ਹਨ, ਉਨ੍ਹਾਂ ਦਾ ਜ਼ਿਕਰ ਕਰਨਾ ਵੀ ਸੈਂਕੜਿਆਂ ਕਿਤਾਬਾਂ ਦਾ



Digitized by Panjab Digital Library | www.panjabdigilib.org

ਮਸਾਲਾ ਹੈ । ਹਰਾਮੀ ਕੌਣ ਹੈ? ਜਿਸ ਦਾ ਪਿਉ ਵੀ ਹੈ, ਮਾਂ ਵੀ ਹੈ। ਫੇਰ ਇਕੋ ਪਿਉ ਹੈ ਇਕੋ ਮਾਂ ਹੈ । ਪਰ ਪੁਰਾਣੇ ਨਿਜ਼ਾਮ ਦੀ ਸਮਾਜ ਬਣਤਰ ਵਿਚ ਸੱਚੇ ਪਿਆਰ ਦੀ ਰੋਕ ਹੈ, ਜ਼ਾਤ ਪਾਤ ਦੀ ਰੋਕ ਜਾਂ ਮਾਇਆ ਤੇ ਉਸਰੀ ਹੋਈ ਹੈਸੀਅਤ ਦੀ ਰੋਕ । ਉਹ ਰੋਕ ਨੌ-ਜਵਾਨਾਂ ਦੀ 'ਮਜਬੂਰੀ' ਬਣ ਕੇ ਰਹਿ ਗਈ ਹੈ । ਉਸ ਦਾ ਨਤੀਜਾ 'ਮਜਬੂਰੀ' ਤੋਂ ਉਪਜਿਆ ਘੁਲ ਘੁਲ ਕੇ ਅੰਤ ਹੈ। ਦੂਜਾ ਪਾਸਾ ਹਰਾਮੀ ਦਾ ਜਨਮ ਹੈ । ਮਾਤਾ ਪਿਤਾ ਕਾਇਰ ਹਨ ਜੋ ਸਮਾਜ ਤੇ ਟੁਟ ਰਹੇ ਤੇ ਟੁਟਣਾ ਚਾਹੁੰਦੇ ਬੁਤ ਨੂੰ ਦੋ ਹੱਥੀਂ ਆਖਰੀ ਸੱਟ ਨਹੀਂ ਮਾਰਦੇ। ਪਰ ਇਸ ਵਿਚ ਹਰਾਮੀ ਦਾ ਕੀ ਕਸੂਰ ਹੈ? ਦੁਨੀਆ ਦੀਆਂ ਕਈ ਮਹਾਂ ਵਿਅਕਤੀਆਂ ਹਰਾਮੀ ਸਨ। ਇਹ ਕਹਿਣ ਦਾ ਨਿਰਭਯਤਾ ਭਰਿਆ ਹੌਸਲਾ ਬਾਵਾ ਜੀ ਦੇ ਰਚੇ ਪਾਤਰ ਹੀ ਕਰ ਸਕਦੇ ਹਨ । ਕੀ ਪਤਾ ਕੋਈ ਹਰਾਮੀ ਹੀ ਸਰਬ-ਸਾਂਝ ਲਈ ਸਭ ਤੋਂ ਪ੍ਰਬਲ ਉਪਰਾਲਾ ਹਰਕਤ ਵਿਚ ਲਿਆ ਸਕੇ । ਇਹ ਕਵਿਤਾ ਸਾਰੀ ਦੁਨੀਆ ਤੇ ਇਕ ਜ਼ਬਰਦਸਤ, ਚੋਟ ਹੈ ।

ਨੌਕਰਾਂ ਦਾ ਜੀਵਨ ਮਸ਼ੀਨ ਹੋ ਚੁਕਾ ਹੈ ਜੋ ਬਾਹਰੀ ਉਕਸਾਹਟ, ਹੁਕਮ ਜਾਂ ਉਸ ਦੇ ਖਿਆਲ ਜਾਂ ਸੁਪਨੇ ਦੇ ਖਿਆਲ ਵਿਚ ਆਪਣੀ ਸੇਵਾ ਦਾ ਕੰਮ ਸ਼ੁਰੂ ਕਰ ਦਿੰਦਾ ਹੈ । ਕਿੰਨੀ ਤਰਸ-ਯੋਗ ਹਾਲਤ ਬਣਾ ਦਿਤੀ ਹੈ ਇਨਸਾਨ ਦੀ ਆਰਾਮ ਦੀ ਥਾਂ ਨਫ਼ੇ ਵਾਸਤੇ ਚਲ ਰਹੀਆਂ ਤਜਾਰਤਾਂ ਤੇ ਮਸ਼ੀਨਾਂ ਨੇ। ਉਸ ਦੇ ਅਗੋਂ ਅਧਨੰਗੇ-ਸੁਹਣੇ ਸਾਹਮਣੀ ਜਿਨਸ ਦੇ ਸਰੀਰ ਇਵੇਂ ਲੰਘਦੇ ਹਨ ਜਿਵੇਂ ਉਹ ਕੋਈ ਮਹੱਲ ਦਾ ਕੌਲਾ ਹੈ । ਕਰੜੇ ਸ੍ਵੈਕਾਬੂ ਦੇ ਜ਼ੰਜੀਰ ਦੀਆਂ ਭਖਦੀਆਂ ਕੜੀਆਂ ਉਸ ਦੇ ਸਰੀਰ ਦੇ ਮਾਸ ਨੂੰ ਸਾੜ ਕੇ ਅੰਦਰ ਧਸਦੀਆਂ ਜਾਂਦੀਆਂ ਹਨ । ਇਨ੍ਹਾਂ ਤੋਂ ਛੁਟਕਾਰਾ ਪਾ ਕੇ ਰੋਟੀ ਨਹੀਂ, ਉਹੋ 'ਮਜਬੂਰੀ ਹੈ ?'

'ਹੋਰ ਜ਼ਰ ਦਾਰ ਵੀ ਤਾਂ ਇਨ੍ਹਾਂ ਦੇ ਭਰਾ ਹੋਵਣਗੇ'



Digitized by Panjab Digital Library | www.panjabdigilib.org

ਨੌਕਰ ਕਹਿੰਦਾ ਹੈ ।

ਇਸੇ ਨੌਕਰਾਂ ਤੇ ਗ਼ੁਲਾਮਾਂ ਦੇ ਨਿਜ਼ਾਮ ਵਾਲੀ ਹਨੇਰੀ ਭੁਲ-ਭੁੱਲਈਆਂ ਵਿਚ ਇਸ ਤਰ੍ਹਾਂ ਦੇ ਇਨਸਾਨੀ ਜੀਵ ਵੀ ਦਿਸਣਗੇ ਜੋ ਇਸ ਜ਼ਿੰਦਗੀ ਦੀ ਖੜ ਖੜ ਤੋਂ ਛੁਟਕਾਰੇ ਲਈ ਕੋਮਲ-ਕਲਾ ਦੇ ਸੋਮੇਂ ਤੇ ਜਾਂਦੇ ਹਨ । ਪਰ ਵਿਸ਼ੇ ਤਿਆਗ ਦੀ ਗ਼ੈਰ-ਕੁਦਰਤੀ ਬੰਦਸ਼ ਨੇ ਉਨ੍ਹਾਂ ਦੀ ਵਿਸ਼ੇ ਚਾਹ ਨੂੰ ਹੋਰ ਉਤੇਜਿਤ ਕਰ ਦਿੱਤਾ ਹੈ । ਉਨ੍ਹਾਂ ਨੂੰ ਤਾਂ ਰੰਗਣ, ਮਾਸ ਤੇ ਚਮੜੀ ਦੀਆਂ ਗੋਲ ਗੁਲਿਆਈ ਦੀ ਲੋੜ ਹੈ । ਕੋਮਲ ਅਹਿਸਾਸਾਂ, ਸੂਖਸ਼ਮ ਖਿਆਲਾਂ, ਕਲਾ ਦੇ ਸੋਹਜ ਨੂੰ ਨਾ ਸਮਝਣ ਵਾਲਾ ਇਨਸਾਨ ਬਣਾਉਣਾ ਇਸੇ ਗੰਦੇ ਨਿਜ਼ਾਮ ਦਾ ਕ੍ਰਿਸ਼ਮਾ ਹੈ ।

ਇਸ ਨਿਜ਼ਾਮ ਦੇ ਸਾਏ ਹੇਠ ਅਖੌਤੀ ਉਨਤੀ ਵਲ ਜਾ ਰਹੇ ਗ਼ੁਲਾਮ ਦੇਸ਼ਾਂ ਵਿਚ ਅਗ਼ਵਾ ਹੁੰਦੇ ਹਨ। ਅਗ਼ਵਾ ਦੇ ਮਗਰ ਅਤ੍ਰਿਪਤ ਚਾਹਾਂ ਦਾ ਫ਼ਲਸਫ਼ਾ ਹੈ। ਇਸ ਸਮਾਜ ਵਿਚ ਕੁੜੀਆਂ ਨੂੰ ਚਿਤ੍ਰਕਾਰੀ, ਰਾਗ ਤੇ ਹੋਰ ਸੂਖਮ ਹੁਨਰ ਇਸ ਲਈ ਸਿਖਾਏ ਜਾਂਦੇ ਹਨ ਕਿ ਉਹ ਇਨ੍ਹਾਂ ਹੁਨਰਾਂ ਤੋਂ ਅਨਜਾਣ ਹੀ ਨਹੀਂ ਸਗੋਂ ਇਨ੍ਹਾਂ ਹੁਨਰਾਂ ਨਾਲ ਦਿਲੀ ਨਫ਼ਰਤ ਰਖਣ ਵਾਲੇ ਅਮੀਰਾਂ, ਵਪਾਰੀਆਂ, ਜਰਨੈਲਾਂ ਜਾਂ ਡਾਕਟਰਾਂ ਨਾਲ ਵਿਆਹੀਆਂ ਜਾਣ । ਕਲਾਕਾਰ ਹੋਣਾ ਤੇ ਕਲਾ ਨੂੰ ਸਮਝਣਾ ਇਕ ਜਾਗਰਤ ਹੈ । ਜਾਗਦੀ ਕੁੜੀ ਕਿਵੇਂ ਖੂਹ ਵਿਚ ਠਲ੍ਹੀ ਜਾ ਸਕਦੀ ਹੈ ? ਸਮਾਜਕ ਅਤਿਆਚਾਰ ਨਾਲ ਜੇ ਉਹ ਜਾਗ ਕੇ ਨੱਸ ਕੇ ਨਾ ਜਾਏ ਤਾਂ ਇਸ ਨਿਜ਼ਾਮ ਹੇਠਾਂ ਸਮਾਜ ਹੁਨਰਾਂ ਦਾ ਪ੍ਰਚਾਰ ਬੰਦ ਕਰ ਸਕਦਾ ਹੈ, ਜਾਗਦੇ ਨੌ-ਜੁਆਨ ਵੇਖਣੇ ਨਹੀਂ ਪਸੰਦ ਕਰਦਾ ਕਿਤੇ ਇਨ੍ਹਾਂ ਦੇ ਸ਼ਕਤੀ-ਸ਼ੀਲ ਜੋੜੇ ਇਕ ਕੱਲਾ ਦੇ ਯਾਰਾਂ ਬਣ ਕੇ ਪੁਰਾਣੇ ਨਿਜ਼ਾਮ ਨੂੰ ਨਾ ਬਦਲ ਦੇਣ । 'ਉਸਤਾਦ' ਵਿਚ ਦਿਲ ਦੀਆਂ ਕੁਦਰਤੀ ਲਹਿਰਾਂ ਨੂੰ ਰੋਕਣ ਤੋਂ ਉਪਜੀ ਮਾਨਸਕ ਅਵਸਥਾ ਦਾ ਵਰਨਣ ਹੈ ।



Digitized by Panjab Digital Library | www.panjabdigilib.org

ਝੂਠ ਨੂੰ ਮਨੁੱਖਤਾ ਬਹੁਤ ਪਸੰਦ ਕਰ ਰਹੀ ਹੈ । ਇਹ ਪੁਰਾਣੇ ਨਿਜ਼ਾਮ ਦੀਆਂ ਹਨੇਰ ਗਲੀਆਂ ਦੀ ਉਪਜ ਹੈ। ਇਕ ਨੌ-ਜੁਆਨ ਦੁਕਾਨਦਾਰ ਆਪਣੀ ਪ੍ਰੇਮਕਾ ਨੂੰ ਝੂਠ ਬੋਲਣ ਦੀ ਪਰੇਰਨਾ ਕਰਦਾ ਹੈ ਅਤੇ ਸਮਾਜ ਤੇ ਗਹਿਰਾ ਕਟਾਖ਼ਸ਼ ਕਰਦਾ ਹੈ :

ਰੋਜ਼ ਆਇਆ ਕਰ ਮੇਰੀ ਹੱਟੀ ਤੇ ਤੂੰ
ਹਰ ਸਵੇਰੇ ਜਿਸ ਤਰ੍ਹਾਂ
ਆ ਕੇ ਚਮਕਾਉਂਦਾ ਏ ਸੂਰਜ ਸ਼ੀਸ਼ਿਆਂ ਦੀ ਜ਼ਿੰਦਗੀ
ਸਾਡੇ ਸ਼ੋ ਕੇਸਾਂ ਤੇ ਜੋ ਹਨ ਸਾਇਆਦਾਰ
ਤੂੰ ਵੀ ਸੂਰਜ ਦੀ ਤਰ੍ਹਾਂ ਪਰ ਸ਼ਾਮ ਨੂੰ
ਰੋਜ਼ ਆਇਆ ਕਰ ਮੇਰੀ ਹੱਟੀ ਤੇ ਤੂੰ ।

ਪਰ ਇਹ ਸਭ ਕੁਝ ਉਹ ਸੰਸਾਰ ਦੇ ਦੁੱਖਾਂ ਤੇ ਵਿਚਾਰਾਂ ਤੇ ਉਨ੍ਹਾਂ ਨੂੰ ਹਟਾਉਣ ਦੇ ਜਤਨਾਂ ਲਈ ਕਰਦੇ ਹਨ। ਪਿਆਰ ਕਰਮ-ਹੀਨ ਮਸਤੀ ਨਹੀਂ । ਇਸ ਮਿਲਾਪ ਲਈ ਝੂਠ ਬੋਲਣਾ ਵੀ ਠੀਕ ਹੈ, ਕਿਉਂਕਿ :

ਸਾਫ਼ ਕਹਿਣਾ ਜ਼ੁਲਮ ਹੈ ਇਸ ਦੇਸ਼ ਵਿਚ
ਝੂਠ ਤੇ ਸਾਡੀ ਇਮਾਰਤ ਹੈ ਖੜੀ ।
ਕੂੜ ਹੀ ਤੇ ਖੁਸ਼ ਰਹੇ ਸਾਡਾ ਸਮਾਜ,
ਝੂਠ ਹੀ ਤੇ ਖੁਸ਼ ਹੈ ਸਾਡੇ ਤੇ ਧਰਮ,
ਅਜ ਬਹਾਨੇ-ਬਾਜ਼ੀ ਹੀ ਬੇਟੀ ਹੈ ਠੀਕ,
ਅਜ ਧੋਖੇ-ਬਾਜ਼ ਪੁੱਤਰ ਧਰਮ ਰਾਜ
ਲੇਣ ਸੌਦਾ ਤੇ ਕੌਈ ਬਦਲਣ ਕਦੀ
ਰੋਜ਼ ਆਇਆ ਕਰ ਮੇਰੀ ਹੱਟੀ ਤੇ ਤੂੰ ।

'ਫ਼ੈਸਲਾ' ਜਿਹੜਾ ਕਿ ਇਸ ਨਜ਼ਾਮ ਦੀਆਂ ਮਸ਼ੀਨਾਂ ਤੋਂ ਬਣੇ ਝਟ ਟੁਟ ਜਾਣ ਵਾਲੇ ਮਾਲ ਵਾਂਗੂੰ ਕੋਈ ਫੈਸਲਾ ਨਹੀਂ, ਵਿਛੋੜੇ ਵਿਚ ਮਰ ਰਹੇ ਨੌ-ਜੁਆਨ ਦੇ ਦਿਲ ਤੋਂ ਉਸ ਦੇ ਅੰਦਰਲੀ ਸਿਥਲਤਾ ਨੂੰ ਪ੍ਰਗਟਾਉਂਦਾ ਹੈ :

ਇਕ ਚਾਂਦੀ ਦਾ ਹੈ ਸ਼ੀਸ਼ਾ ਜਿਸ ਨੇ
ਰੋਕ ਲੀਤਾ ਹੈ ਪਤੰਗੇ ਨੂੰ ਤੜਪਦੀ ਲੋ ਤੋਂ,



Digitized by Panjab Digital Library | www.panjabdigilib.org

ਲੋ ਵੀ ਰੋਂਦੀ ਏ, ਪਤੰਗਾ ਵੀ ਪਿਆ ਰੋਂਦਾ ਏ
ਮੋਮ-ਬਤੀ ਏ ਵਿਚਾਰੀ ਕਿ ਪਿਘਲ ਜਾਏਗੀ,
ਫ਼ੈਸਲੇ ਦੀ ਇਹ ਘੜੀ ਆਪ ਹੀ ਟਲ ਜਾਏਗੀ।

'ਕ਼ਫ਼ਨ' ਇਕ ਨਾਟਕੀ ਕਵਿਤਾ ਹੈ। ਪਿਓ ਪੁਤਰ ਦੋ ਪਾਤਰ ਹਨ, ਜਿਨ੍ਹਾਂ ਨੇ ਸਮਾਜ ਦੀ ਜ਼ਾਲਮ ਹਮਦਰਦੀ ਦੇ ਮੂੰਹ ਤੋਂ ਪੜਦਾ ਚੁਕ ਕੇ ਲੀਰਾਂ ਲੀਰਾਂ ਕਰ ਦਿੱਤਾ ਹੈ। ਸਮਾਜ ਦੇ ਚੰਦੇ ਤੇ ਸਹਾਇਤਾ ਆਪਣੀ ਗ਼ਰਜ਼ ਨੂੰ ਮੁਖ ਰਖ ਕੇ ਕੀਤੀ ਜਾਂਦੀ ਹੈ। 'ਵੇਸਵਾ' ਤਾਂ ਇਉਂ ਮਲੂਮ ਹੁੰਦਾ ਹੈ ਜਿਵੇਂ ਅਖੌਤੀ ਧਰਮ-ਰਾਜਾਂ ਦੀ ਸੇਵਾ ਚਰਨਦਾਸੀਆਂ ਨਾਲ ਕਰ ਰਹੀ ਹੈ। ਸੱਚ ਮੁਚ ਜਿਸ ਨੂੰ ਅਸੀਂ ਅਪਵਿਤ੍ਰ ਔਰਤ ਸਮਝਦੇ ਹਾਂ ਉਸ ਦੇ ਦਿਲ ਵਿਚ ਫਿਰ ਵੀ ਲਾਲ ਲਹੂ ਨਜ਼ਰ ਆਉਂਦਾ ਹੈ। ਉਹ ਬੜੇ ਦੁਖ ਤੇ ਹਮਦਰਦੀ ਨਾਲ ਕਹਿੰਦੀ ਹੈ:

ਤੇਰੀ ਤਕਦੀਰ ਹੀ ਖੋਟੀ ਹੈ ਸੁਹਾਗਣ, ਖਬਰੇ !
ਤੇਰ ਬੱਚੇ ਦਾ ਗਵਾਂਢੀ ਨੂੰ ਕੋਈ ਫ਼ਿਕਰ ਨਹੀਂ
ਮੇਰੀ ਬੱਚੀ ਦਾ ਬੜਾ ਫ਼ਿਕਰ ਹੈ ਜ਼ਰਦਾਰਾਂ ਨੂੰ।

ਬਾਵਾ ਬਲਵੰਤ ਦਾ ਦ੍ਰਿਸ਼ਟੀ-ਕੋਨ ਕੌਮਾਂਤ੍ਰੀ ਹੈ। ਜਿਨ੍ਹਾਂ ਨੇ ਇਸ ਕੌਮਾਂਤ੍ਰੀ ਸਾਂਝ ਲਈ ਇਕ ਇਟ ਵੀ ਲਾਈ, ਉਨ੍ਹਾਂ ਨੂੰ ਉਹ ਯਾਦ ਕਰਦਾ ਹੈ। ਟ੍ਰਾਟਸਕੀ (ਰੂਸ), ਰੈਲਫ ਫੌਕਸ (ਇੰਗਲੈਂਡ) ਤੇ ਆਇਨ ਸਟਾਈਨ (ਜਰਮਨੀ) ਦੇ ਕੰਮਾਂ ਦੀ ਮਹਾਨਤਾ ਨੂੰ ਜੋ ਸਰਬ ਸਾਂਝ ਲਈ ਕੀਤੇ ਗਏ ਹਨ, ਕਿਵੇਂ ਕਵੀ ਸਲਾਹੁੰਦਾ ਹੈ। ਆਇਨ ਸਟਾਈਨ ਦਿਮਾਗ਼ੀ ਗ਼ੁਲਾਮੀ ਨੂੰ ਅਪਣਾਉਣ ਦੀ ਥਾਂ ਦੇਸ਼-ਪਿਆਰ ਵਰਗੇ ਡੂੰਘੇ ਜਜ਼ਬੇ ਦਾ ਬਲੀਦਾਨ ਕਰ ਦਿੰਦਾ ਹੈ। ਇਨਸਾਨ ਦੀ ਖੋਜ ਸਾਰੀ ਇਨਸਾਨੀਅਤ ਦੇ ਲਈ ਹੈ। ਇਨਸਾਨੀਅਤ ਦੇ ਤੰਗ ਦਾਇਰੇ ਕਿਸੇ ਖ਼ਾਸ ਕੌਮ ਜਾਂ ਨਸਲ ਲਈ ਨਹੀਂ। ਜਿਹੜਾ ਮੁਲਕ ਜਾਂ ਮੁਲਕੀ ਨਿਜ਼ਾਮ ਕਿਸੇ ਦੇ ਇਸ ਵਿਸ਼ਵਾਸ਼ ਨੂੰ ਤੋੜਨਾ ਚਾਹੁੰਦਾ ਹੈ ਉਹ ਆਜ਼ਾਦ ਹੁੰਦਿਆਂ ਵੀ ਗ਼ੁਲਾਮ ਹੈ। ਉਸ ਵਿਚ ਵਸਣਾ ਤਨੋਂ ਮਨੋਂ ਆਜ਼ਾਦ ਬੰਦੇ ਦਾ ਕੰਮ ਨਹੀਂ। ਰੈਲਫ ਫੌਕਸ ਇੰਗਲੈਂਡ ਵਿਚੋਂ:



Digitized by Panjab Digital Library | www.panjabdigilib.org

ਆ ਕੇ ਸਪੇਨ ਵਿਚ ਮਜ਼ਦੂਰਾਂ ਦੇ ਸਰਬ-ਸਾਂਝ ਲਈ ਲੜੇ ਜਾ ਰਹੇ ਜੰਗ ਵਿਚ ਸ਼ਹੀਦੀ ਪ੍ਰਾਪਤ ਕਰਦਾ ਹੈ। ਮੰਨਿਆ ਹੋਇਆ ਸਾਹਿਤਕਾਰ ਦੂਸਰੇ ਮੁਲਕਾਂ ਦੇ ਗ਼ਰੀਬਾਂ ਲਈ ਕਟ ਮਰਦਾ ਹੈ ਤੇ ਉਸ ਆਉਣ ਵਾਲੀ ਨਵੀਂ ਇਨਸਾਨੀ ਪ੍ਰਬੁਧਤਾ ਦਾ ਝੁਰਮ-ਬਰਦਾਰ ਹੈ। ਟ੍ਰਾਟਸਟੀ ਦੇ ਕੰਮ ਲੈਨਿਨ ਤੋਂ ਘਟ ਮਹਾਨਤਾ ਨਹੀਂ ਰਖਦੇ। ਉਸ ਦੇ ਖਿਆਲ, ਜਜ਼ਬਾਤ ਤੇ ਵਿਚਾਰ ਸ਼ੁਧ ਸਨ, ਕਿਉਂਕਿ ਉਹ ਲੋਕਾਂ ਦੀ ਸਰਬ ਸਾਂਝ ਦਾ ਹਮੈਤੀ ਸੀ, ਸਾਰੀ ਦੁਨੀਆ ਵਿਚ ਮਨੁੱਖੀ ਇਕਸਾਰਤਾ ਚਾਹੁੰਦਾ ਸੀ ਤੇ ਉਸ ਲਈ ਆਪਾ ਵਾਰਨ ਲਈ ਤਿਆਰ ਸੀ। ਐਸੀ ਹਸਤੀ ਨੂੰ ਕਤਲ ਕਰਨ ਵਾਲਾ ਇਨਸਾਨ ਸੀ, ਇਹ ਨਹੀਂ ਮੰਨਿਆ ਜਾ ਸਕਦਾ। ਸੁਭਾਸ਼ ਬਾਬੂ ਬਾਵਾ ਜੀ ਦੇ ਖਿਆਲ ਵਿਚ ਇਕ ਪ੍ਰਬਲ ਤਾਕਤ ਹੈ। ਖਤਰਾ ਭਾਸ ਰਿਹਾ ਸੀ ਕਿ ਇਹ ਤਾਕਤ ਕਿਤੇ ਅਰਬਿੰਦੂ ਘੋਸ਼ ਵਾਂਗ ਸ਼ਾਂਤ ਨਾ ਹੋ ਜਾਏ। ਤਾਹੀਓਂ ਬਾਵਾ ਜੀ ਨੇ ਆਪਣੇ ਦਿਲ ਦੇ ਲਹੂ ਨਾਲ ਲਿਖੀਆਂ ਸਤਰਾਂ ਰਾਹੀਂ ਗੁਆਚੇ ਹੋਏ ਨੂੰ ਇਹ ਪੈਗ਼ਾਮ ਦਿਤਾ ਹੈ:

ਜੋ ਮਾਂ ਦੀ ਗੋਦ ਚੋਂ ਹਾਸਲ ਹੈ ਉਹ ਗਗਨ ਚੋਂ ਨਹੀਂ;
ਜੋ ਲੋਕ-ਪੂਜਾ 'ਚ ਆਨੰਦ ਹੈ ਖ਼ੁਦਾ 'ਚ ਨਹੀਂ।

ਤੇਰੀ ਕੌਣ ਸੁਣੇ, ਤਰੱਕੀ, ਭੁਸੁੰਕੇਤੂ, ਲਖਸ਼, ਕਦਰ, ਆਦਿ ਕਵਿਤਾਵਾਂ ਬਾਵਾ ਜੀ ਦੇ ਨਿੱਜੀ ਸੰਗੀਤਕ ਅਗਨ-ਫੁਹਾਰੇ ਹਨ। 'ਤੇਰੀ ਕੌਣ ਸੁਣੇ' ਦੀ ਇਕ ਇਕ ਸਤਰ ਵਿਚ ਦੁਖ ਭਰੀ ਆਵਾਜ਼ ਸਰਮਾਏ-ਦਾਰੀ ਨਿਜ਼ਾਮ ਦੇ ਪੋਲ ਖੋਲ੍ਹਦੀ ਨਜ਼ਰ ਆਉਂਦੀ ਹੈ:

ਨੁਫ਼ਿਆਂ ਦੀ ਅਗਨੀ ਵਿਚ ਸੜ ਗਏ ਦੇਸ ਦਿਸੌਰ,
ਤੋਕਸੀਮਾਂ ਜ਼ਰਬਾਂ ਵਿਚ ਡੋਬੀ ਜਾਣ ਜਹਾਜ਼,
ਕੌਮਾਂ ਨੂੰ ਮੇਟੇਗਾ ਆਪਣਾ ਹੀ ਪਰਚਾਰ।
ਬੈਂਕਾਂ ਦੇ ਰੰਗਾਂ ਵਿਚ ਡੁਬ ਗਏ ਸੋਹਣੇ ਖੇਤ,
ਧਰਤੀ ਦੇ ਫਾਕੇ ਦਾ ਜੰਗ ਤੋਂ ਹੱਲ ਮੁਹਾਲ।
ਗੌਤਮ ਦੇ ਬੁੱਤਾਂ ਦੀ ਉਡ ਗਈ ਨਿਰਮਲ ਹੋਸ਼,
ਈਸਾ ਦੇ ਹੱਥਾਂ ਚੋਂ ਚੋ ਪਿਆ ਮੁੜ ਕੇ ਖ਼ੂਨ,



Digitized by Panjab Digital Library | www.panjabdigilib.org

ਆਪਣੇ ਲਾਲਾਂ ਦੀ ਇੰਜ ਦੇਖ ਕੇ ਬਦਲੀ ਜੂਨ !

ਪੁਰਾਣੇ ਨਿਜ਼ਾਮ ਦੀ ਤਰੱਕੀ ਚਲਾਕੀ ਨਾਲ ਲੁੱਟਣ, ਕੋਮਲ ਕਾਨੀਆਂ ਨਾਲ ਜ਼ਖਮੀ ਕਰਨ, ਸਾਇੰਸ ਦੀ ਮਦਦ ਨਾਲ ਬਰਬਾਦੀ ਕਰਨ ਵਿਚ ਹੈ ਤੇ

'ਅਜੇ ਤਕ ਉਮਰ ਦੇ ਪੈਰਾਂ ਚ' ਹਨ ਟੋਟੀ ਲਈ ਛਾਲੇ'

ਕਵਿਤਾ ਨੂੰ ਕਵਿਤਾ ਵਿੱਚ ਅਨੁਵਾਦ ਕਰਨਾ, ਫਿਰ ਪਹਿਲੇ ਕਵੀ ਦੇ ਆਪਣੇ ਬਹਿਰ ਵਿਚ ਅਤੇ ਫਿਰ ਉਸ ਕਵੀ ਦੇ ਖ਼ਿਆਲਾਂ ਤੇ ਜਜ਼ਬਿਆਂ ਨੂੰ ਆਂਚ ਨਾ ਲਗਣ ਦੇਣੀ—ਇਹ ਅੱਤ ਔਖਾ ਕੰਮ ਹੈ। 'ਆਸ-ਕਿਰਨ' ਤੇ 'ਰੱਬ ਦਾ ਹੁਕਮ' ਅਲਾਮਾ ਇਕਬਾਲ ਦੀਆਂ ਕਵਿਤਾਵਾਂ ਦੇਸ਼ ਪਿਆਰ ਦੇ ਨਾਲ ਨਾਲ ਸਰਬ-ਸਾਂਝ ਨੂੰ ਵੀ ਪ੍ਰਚਾਰਦੀਆਂ ਹਨ ਤੇ ਇਸੇ ਲਈ ਇਨ੍ਹਾਂ ਦਾ ਉਲਥਾ ਵੀ ਕੀਤਾ ਗਿਆ ਹੈ।

ਹਿੰਦੁਸਤਾਨ ਨੇ ਜੋ ਕਦਰ ਇਨ੍ਹਾਂ ਕਵਿਤਾਵਾਂ ਦੇ ਰਚਣਹਾਰ ਮਹਾਂ ਕਵੀ ਦੀ ਕੀਤੀ ਹੈ, ਉਹ 'ਕਦਰ' ਨਾਂ ਦੀ ਕਵਿਤਾ ਵਿਚ ਦਰਜ ਹੈ।

'ਭੂਮਕੇਤੂ' ਬੋਦੀ ਵਾਲਾ ਤਾਰਾ, ਤਬਾਹੀ ਦਾ ਸੂਚਕ ਮੰਨਿਆ ਗਿਆ ਹੈ। ਇਹ ਜੰਗ ਤੋਂ ਪਹਿਲਾਂ ਨਜ਼ਰ ਆਇਆ ਸੀ। ਜੇ ਤਬਾਹੀ ਤੋਂ ਬਿਨਾਂ ਨਵੇਂ ਨਿਜ਼ਾਮ ਦੀ ਸ੍ਰਿਸ਼ਟੀ ਨਹੀਂ ਹੋ ਸਕਦੀ ਤਾਂ ਭੂਮਕੇਤੂ ਹੋਰ ਚਮਕੇ ! ਕਿਉਂਕਿ

ਕਲਮ ਦੇ ਸੰਘ ਵਿਚ ਅੜ ਜਾਂਦੀ ਏ ਤਲਵਾਰ ਅਜੇ

'ਦੇਸ' ਬਾਵਾ ਜੀ ਦਾ ਕਲਪਤ ਸੁੰਦਰ ਦੇਸ਼ ਹੈ ਤੇ 'ਰੂਸ' ਉਸ ਦਾ ਅਸਲੀਅਤ ਵਿਚ ਚਿਤਰਿਆ ਜਾ ਸਕਦਾ ਰੂਪ।

ਪ੍ਰਚੰਡ ਜਵਾਲਾ ਤੋਂ ਮਗਰੋਂ ਨਵੇਂ ਸ਼ਾਂਤ ਭਰਪੂਰ ਸ਼ਹਿਰ ਤੇ ਬੰਦਰਗਾਹਾਂ ਉਸਰਦੀਆਂ ਹਨ। ਬੰਦਰਗਾਹ ਬਣ ਰਹੀ ਹੈ ਤੇ ਹਿਰਦੇ ਦੀ ਉਚ ਭਾਵਨਾ ਦੀ ਨੀਂਹ ਤੇ ਰਚੀ ਗਈ ਇਸ ਬੰਦਰਗਾਹ ਤੋਂ ਕਦੀ ਮਨੁੱਖਤਾ ਦਾ ਜਹਾਜ਼ ਪੂਰਨਤਾ ਵਲ ਰਵਾਨਾ ਹੁੰਦਾ ਨਜ਼ਰਆਵੇਗਾ।

ਪਾਲ ਸਿੰਘ

Digitized by Panjab Digital Library | www.panjabdigilib.org

## ਦੇਸ

ਉਹ ਹੈ ਦੇਸ ਮਹਾਨ
ਜੋ ਆਪਣੇ ਵੇਲੇ [illegible]ਸਰ ਬੀਜੇ, ਵਾਹੇ ਖੇਤ,
ਸੁੰਨ ਮਸਾਨ ਉਜਾੜਾਂ ਫੇਰ ਬਣਾਏ ਖੇਤ ।
ਮਿੱਠੇ, ਅਤ ਮਿੱਠੇ ਗੀਤਾਂ ਦੀ ਛਾਂ ਹੇਠਾਂ
ਹਲ ਦੀ ਨੋਕ ਤੋਂ ਬਦਲੇ ਕੱਲਰਾਂ ਦੀ ਤਸਵੀਰ ।
ਮਿਹਨਤ ਤੋਂ ਆਪਣੀ ਬਦਲੇ ਆਪਣੀ ਤਕਦੀਰ,
ਹੋਵੇ ਮਿਹਨਤ ਦਾ ਪੁਤਲਾ ਹਰ ਜੀਵ ਕਿਸਾਨ ।

ਉਹ ਹੈ ਦੇਸ ਮਹਾਨ
ਦਿਲ ਵਿਚ ਹਰ ਦਾਣੇ ਦਾ ਹੋਵੇ ਪਿਆਰ ਅਪਾਰ,



Digitized by Panjab Digital Library | www.panjabdigilib.org

ਤਾਰੇ ਡੁੱਬਣ ਤੋਂ ਪਹਿਲਾਂ ਪਹਿਲਾਂ ਜਲ-ਧਾਰ
ਹਰਿਆਂ ਖੇਤਾਂ ਦੇ ਵਿਚ ਦਰਪਨ ਰੂਪ ਫਿਰੇ,
ਖ਼ੁਸ਼ ਹੋਵਣ ਫਸਲਾਂ ਆਪਣੀ ਹੀ ਸੂਰਤ ਤੇ,
ਹੀਰੇ ਵੰਗ ਹੋਵਣ ਘਰ ਅੰਦਰੋਂ ਬਾਹਰੋਂ ਸਾਫ਼,
ਇਕ ਦੂਜੇ ਦੀ ਗ਼ਲਤੀ ਨੂੰ ਕਰ ਦੇਵਣ ਮਾਫ਼,
ਜੇ ਖੇਤਾਂ ਦੇ ਰਾਖੇ ਐਸੇ ਹੋਣ ਜਵਾਨ,
ਤਾਂ ਹੈ ਦੇਸ ਮਹਾਨ ।

ਉਹ ਹੈ ਦੇਸ ਮਹਾਨ
ਕੱਚੇ ਖੇਤ ਨਾ ਹੋਵਣ ਜਿਸ ਦੇ ਰੋਜ਼ ਨਿਲਾਮ,
ਸੂਦ ਦੀਆਂ ਲੀਕਾਂ ਦੇ ਜੋ ਨਾ ਹੋਣ ਗ਼ੁਲਾਮ,
ਜਿਸ ਨੂੰ ਹੋਸ਼ ਰਹੇ ਕਲ੍ਹ ਪੈ ਸਕਦਾ ਏ ਕਾਲ,
ਜਿਸ ਦੀ ਅਣਖ ਤੁਰੇਗੀ ਆਪਣਾ ਆਪ ਸੰਭਾਲ,
ਉਹ ਹੈ ਦੇਸ ਮਹਾਨ,
ਉਹ ਹੈ ਸਵਰਗ ਸਮਾਨ ।

ਹਮਸਾਏ ਦੇਸਾਂ ਤੇ ਜਿਸ ਥਾਂ ਦੇ ਬਲਵਾਨ
ਨਸਲ ਦੀਆਂ ਗ਼ਾਰਾਂ 'ਚੋਂ ਛਿਣਕਣ ਨਾ ਅਪਮਾਨ;
ਆਪਣੇ ਹੱਕਾਂ ਨੂੰ ਜੋ ਖੋਹਣ ਨਾ ਦੇਵਣ ਵੀਰ,
ਹਮਸਾਇਆਂ ਨੂੰ ਉਡਦੇ ਦੇਖ ਨਾ ਮਾਰਨ ਤੀਰ;



Digitized by Panjab Digital Library | www.panjabdigilib.org

ਸਹਿਣਾ ਜ਼ੁਲਮ ਵੀ ਹੋਵੇ ਜਿਸ ਦੀ ਸਮਝ 'ਚ ਪਾਪ,
ਕੋਈ ਦੂਸਰਿਆਂ ਤੇ ਜ਼ੁਲਮ ਕਰੇ ਨਾ ਆਪ;
ਹਰ ਦਿਲ ਵਿਚ ਹੋਵੇ ਮਾਨਵ ਸ਼ਕਤੀ ਦਾ ਰੂਪ,
ਇਕ ਬੱਚੇ ਵਿਚ ਨਜ਼ਰ ਨਾ ਆਏ ਕੋਹਜ ਕਰੂਪ,
ਹਰ ਇਕ ਵਾਸੀ ਆਏ ਹਸਦਾ ਨਜ਼ਰ ਅਰੋਗ,
ਉਸ ਧਰਤੀ ਦਾ ਏ ਹਰ ਜ਼ੱਰਾ ਪੂਜਨ-ਯੋਗ;
ਜਿਸ ਥਾਂ ਦੇਸ-ਵਿਰੋਧੀ ਇਕ ਨਹੀਂ ਇਨਸਾਨ,
ਧਰਤੀ ਮਾਤਾ ਨੂੰ ਜੋ ਪੂਜਣ ਰੱਬ ਸਮਾਨ,
ਉਹ ਹੈ ਦੇਸ ਮਹਾਨ ।



Digitized by Panjab Digital Library | www.panjabdigilib.org

## ਸਜ਼ਾ

ਅੱਗ ਇਸ ਪਾਣੀ ਤੋਂ ਬੁਝ ਸੱਕੀ ਨਹੀਂ
ਸਦੀਆਂ ਤੋਂ ਹੈ ਬਲਦੀ ਪਈ
ਮੰਦਰ 'ਚ ਜੋ ।
ਇਸ ਤੋਂ ਮਘੀ ਏ ਹੋਰ ਵੀ,
ਸੀਨੇ ਦੀ ਅੱਗ,
ਬਦਲੇ ਦੀ ਅੱਗ ।
ਏਸ ਪਾਣੀ ਤੋਂ ਹੀ ਰੁੜ੍ਹ ਆਇਆ ਏ ਸਭ,
ਸਦਰ ਦਰਵਾਜ਼ੇ ਦੇ ਕੋਲ,
ਸੈਂਕੜੇ ਸਦੀਆਂ ਦਾ ਪਾਪ ।

ਇਨਸਾਫ਼ ਦੇ ਸੋਮੇ 'ਚੋਂ ਜੋ,
ਤੇਗ਼ ਦੇ ਚਸ਼ਮੇ 'ਚੋਂ ਬਲਕਿ
ਹੁਕਮ ਦੇ ਝਰਨੇ 'ਚੋਂ ਜੋ



Digitized by Panjab Digital Library | www.panjabdigilib.org

ਵਗ ਰਹੀ ਏ ਜਲ ਦੀ ਧਾਰ
ਦਾਗ਼ ਕੋਈ ਧੋ ਨਹੀਂ ਸੱਕੀ ਅਜੇ ।
ਦਾਗ਼ ਧੋ ਸਕਦੀ ਨਹੀਂ,
ਸਾਫ਼ ਕਰ ਸਕਦੀ ਨਹੀਂ,
ਆਦਮੀ ਦੇ ਗ਼ਮ ਦੀ ਜੋ ਚਾਦਰ 'ਚ ਏ ।

ਉਡ ਰਹੇ ਨੇ ਕਲਸ 'ਚੋਂ ਸ਼ੁਹਲੇ ਜਹੇ,
ਲਾਲ ਪੀਲਾ ਏ ਬੜੇ ਗੁੱਸੇ 'ਚ ਕਲਸ ।
ਸਦਰ ਦਰਵਾਜ਼ੇ ਤੋਂ ਇਸ ਮੰਦਰ 'ਚ ਪਰ
ਸੁਟ ਰਹੇ ਨੇ ਦੁਖ ਦੀਆਂ ਲਾਸ਼ਾਂ ਦਾ ਤੇਲ,
ਭੁੱਖ ਦੀਆਂ ਹੱਡੀਆਂ ਦਾ ਢੇਰ ।
ਝੁਲਸ ਚੁੱਕੇ ਨੇ ਪੁਰਾਣੇ ਬੁਤ ਜਹੇ,
ਪਿਘਲ ਚੁੱਕੇ ਨੇ ਪੁਰਾਣੇ ਰੰਗ ਵੀ,
ਹੋ ਗਈ ਮੁੱਦਤ ਉਹ ਤਸਵੀਰਾਂ ਨਹੀਂ,
ਨਾਜ਼ ਕਰ ਸਕਦਾ ਸੀ ਜਿਸ ਤੇ ਕੋਈ ਦੇਸ !

ਇਸ ਪਰੀ ਦੀ ਬਾਦਸ਼ਾਹੀ ਏ ਅਜੀਬ !
ਕਿਉਂ ਕੋਈ ਕਰਦਾ ਏ ਜੁਰਮ ?
ਕਿਉਂ ਕੋਈ ਕਰਦਾ ਏ ਧੋਖਾ ਤੇ ਫ਼ਰੇਬ ?



Digitized by Panjab Digital Library | www.panjabdigilib.org

ਪੁੱਛ ਤਕ ਕੋਈ ਨਹੀਂ ।
ਇਸ ਦੇ ਸਾਏ ਤੋਂ ਹੈ ਜੰਗ,
ਝੁੱਗੀਆਂ ਵਿਚ ਖੇਤ ਵਿਚ ।
ਫਾਂਸੀਆਂ ਤੋਂ ਕਤਲ ਹਟ ਸੱਕੇ ਨਹੀਂ,
ਹੋਰ ਵੀ ਵਧਦੇ ਗਏ ।

ਚਾਰ ਪਾਸੇ ਫੌਜ ਦਾ ਪਹਿਰਾ ਰਹੇ,
ਪੁਰ ਫੁਲਾਦਾਂ ਦੇ ਬੂਹੇ ਸੂਲਾਂ ਦੇ ਨਾਲ,
ਲੁੱਟੇ ਜਾਂਦੇ ਨੇ ਖ਼ਜ਼ਾਨੇ ਫੇਰ ਵੀ !
ਇਸ ਸਜ਼ਾ ਤੋਂ ਕੁਝ ਵੀ ਰੁਕ ਸਕਿਆ ਨਹੀਂ
ਜੋ ਹਟਾਏ ਉਹ ਵਧੇ ।
ਐਸਾ ਇਹ ਨਸ਼ਤਰ ਹੈ ਜਿਸ ਤੋਂ ਹੋਰ ਵੀ
ਹੁੰਦੇ ਰਹਿੰਦੇ ਨੇ ਨਵੇਂ ਫੋੜੇ ਕਈ ।
ਅੱਗ ਇਸ ਪਾਣੀ ਤੋਂ ਬੁਝ ਸੱਕੀ ਨਹੀਂ
ਸਦੀਆਂ ਤੋਂ ਹੈ ਬਲਦੀ ਪਈ
ਮੰਦਰ 'ਚ ਜੋ !



Digitized by Panjab Digital Library | www.panjabdigilib.org

# ਟ੍ਰਾਟਸਕੀ

ਜਨਮ ੧੮੭੭ ਤੇ ਮੌਤ ੧੯੪੦। ਰੂਸ ਦਾ ਜ਼ਬਰਦਸਤ ਜੁਗ-ਪਲਟਾਊ ਲੀਡਰ ਸੀ। ਆਪਣੇ ਸਮੇਂ ਲੈਨਿਨ ਦਾ ਸੱਜਾ ਹੱਥ ਮੰਨਿਆਂ ਜਾਂਦਾ ਰਿਹਾ ਹੈ। ਇਹ ਲਾਲ ਫੌਜਾਂ ਦਾ ਸਭ ਤੋਂ ਵੱਡਾ ਸਰਦਾਰ ਰਿਹਾ ਸੀ। ਸਿਧਾਂਤਾਂ ਕੋਲੋਂ ਬਹੁਤਾ ਅਮਲ ਤੇ ਭਰੋਸਾ ਰੱਖਦਾ ਸੀ। ਬੜਾ ਧੜੱਲੇਦਾਰ ਇਨਕਲਾਬੀ ਲਿਖਾਰੀ ਸੀ। ਇਸ ਦਾ ਜੀਵਨ ਬੜੀ ਕਸ਼ਮਕਸ਼ ਵਿਚ ਬੀਤਿਆ। ਖਿਆਲਾਂ ਦੀ ਮੁਖਾਲਫਤ ਹੋਣ ਕਰਕੇ ਇਸ ਨੂੰ ਰੂਸੋਂ ਬਾਹਰ ਕੱਢਿਆ ਗਿਆ ਪਰ ਕਿਸੇ ਵੀ ਹਕੂਮਤ ਨੇ ਇਸ ਨੂੰ ਤੇ ਇਸ ਦੇ ਖਿਆਲਾਂ ਨੂੰ ਨਾ ਝੱਲਿਆ। ਇਸ ਦੇ ਜੀਵਨ ਤੇ ਵਿਰੋਧੀਆਂ ਨੇ ਕਈ ਹਮਲੇ ਕੀਤੇ। ਇਸ ਦਾ ਇਕ ਪੁੱਤਰ ਰੂਸ ਤੇ ਦੂਜਾ ਫਰਾਂਸ ਵਿੱਚ ਮੌਤ ਦੇ ਘਾਟ ਉਤਾਰਿਆ ਗਿਆ। ਇਸ ਦੀ ਹੋਣਹਾਰ ਤੇ ਬਹੁਤ ਅਹਿਸਾਸ ਵਾਲੀ ਧੀ ਰੋਜ਼ ਦੀਆਂ ਤੰਗੀਆਂ ਤੋਂ ਅੱਕ ਕੇ ਖੁਦਕਸ਼ੀ ਕਰ ਗਈ। ਪਰ ਇਹ ਸੂਰਬੀਰ ਦੁਨੀਆ ਦੀ ਬਿਹਤਰੀ ਦਾ ਸੰਗ੍ਰਾਮ ਇਕੱਲਾ ਤੇ ਨਿਹੱਥਾ ਲੜਦਾ ਰਿਹਾ। ਅੰਤਲਾ ਹਮਲਾ ਮੈਕਸੀਕੋ ਵਿਚ ਹੋਇਆ ਜਿਸ ਤੋਂ ਇਹ ਬਚ ਨਾ ਸਕਿਆ।

ਤੇਰੇ ਦਿਨ ਉਜਾਗਰ, ਤੇਰੀ ਰਾਤ ਜਾਗੀ,
ਤੂੰ ਬਾਗ਼ੀ, ਤੇਰੇ ਪੈਰ ਦੇ ਚਿੰਨ੍ਹ ਬਾਗ਼ੀ।



Digitized by Panjab Digital Library | www.panjabdigilib.org

ਤੂੰ ਉਸ ਨਾਮ ਤੋਂ ਬਿਨ ਮਸਾਲੇ ਤੋਂ ਬਣਿਆ,
ਉਹ, ਜਿਸ ਨੇ ਖ਼ੁਦਾ ਨੂੰ ਤੇ ਸ਼ਕਤੀ ਨੂੰ ਜਣਿਆ ।
ਤੂੰ ਤੀਖਣ ਜਵਾਲਾ ਦੀ ਬੇਦਾਰ ਰੂਹ ਹੈਂ,
ਅਗਮ ਨਾਚ ਹੈ ਤੂੰ, ਸ਼ੁਰੂ ਤੋਂ ਸ਼ੁਰੂ ਹੈਂ ।
ਤੂੰ ਦੇਵੀ ਅਗਨ-ਯੋਗ ਦਾ ਤੇਜ਼ ਧਾਰਾ,
ਤੂੰ ਹਠ-ਯੋਗ ਦਾ ਇਕ ਚਮਕਦਾ ਸਿਤਾਰਾ ।
ਤੂਫ਼ਾਨਾਂ ਦਾ ਮੰਬਾ, ਭੂਚਾਲਾਂ ਦਾ ਸੋਤਾ,
ਤੂੰ ਸੋਮਾ ਲਹੂ ਦਾ, ਬਿਜਲੀਆਂ ਦਾ ਦਰਿਆ ।
ਤੂੰ ਬਦਲੀ ਦਾ ਜੌਹਰ, ਨਵੇਂ ਯੁਗ ਦਾ ਬਾਨੀ,
ਲਿਖਣ ਤੇਰੀ ਚੰਦਾਂ ਦੇ ਅੱਖਰ ਕਹਾਣੀ ।
ਮਹਾਂਬੀਰ, ਰੁਸਤਮ ਤੇਰੇ ਸਾਹਮਣੇ ਕੀ ?
ਸਿਕੰਦਰ ਤੇ ਨੈਪੋਲੀਅਨ ਵੀ ਨੇ ਮਿੱਟੀ ।
ਤੂੰ ਜਿੱਤਾਂ ਨੂੰ ਵੀ ਹੇਚ ਬੇਕਾਰ ਜਾਣੇਂ,
ਕਰਨਗੇ ਕਦੋਂ ਪੈਦਾ ਤੈਨੂੰ ਜ਼ਮਾਨੇ ?
ਜ਼ਮਾਨੇ ਨੂੰ ਕੰਬਾ ਗਈ ਇਕ ਵਾਰੀ
ਤੇਰੇ ਦਿਲ ਦੀ ਤਾਕਤ, ਤੇਰੀ ਬੇ-ਕਰਾਰੀ ।

ਕੀ ਹੱਥ ਆਇਆ ਮਿੱਟੀ ਨੂੰ ਬਰਬਾਦ ਕਰ ਕੇ ?
ਗਿਆ ਬਲਕਿ ਉਹ ਤੈਨੂੰ ਆਜ਼ਾਦ ਕਰ ਕੇ ।



Digitized by Panjab Digital Library | www.panjabdigilib.org

ਮਿਲੀ ਰਾਖ ਮਿੱਟੀ 'ਚ ਬੇਸ਼ਕ ਹੈ ਤੇਰੀ,
ਤੇਰੇ ਸ਼ੋਕ ਦੀ ਆਏਗੀ ਪਰ ਹਨੇਰੀ ।
ਖਿਆਲਾਂ ਨੂੰ ਤੇਰੇ ਮਿਟਾਏਗਾ ਕਿਹੜਾ ?
ਤੇਰੇ ਸੁਪਨਿਆਂ ਨੂੰ ਉਡਾਏਗਾ ਕਿਹੜਾ ?
ਖਿਆਲਾਂ ਦੀ ਬਿਜਲੀ ਦਿਲਾਂ ਵਿਚ ਰਹੇਗੀ
ਜੋ ਦੁਨੀਆ ਨੂੰ ਸੰਦੇਸ਼-ਜੀਵਨ ਦਏਗੀ ।
ਤੇਰੀ ਕਦਰ ਮਾਨਵ ਦੀ ਸਰਜੀਵ ਰੂਹ ਨੂੰ,
ਤੇਰੀ ਕਦਰ ਹੈ ਜ਼ਿੰਦਗੀ ਦੇ ਲਹੂ ਨੂੰ ।
ਤੂੰ ਅਗਨੀ ਤੋਂ ਹੋਇਆ ਹੈਂ ਪ੍ਰਚੰਡ ਜਵਾਲਾ,
ਤੂੰ ਜ਼ਿੰਦਾ ਰਿਹਾ ਮੌਤ ਦਾ ਪੀ ਕੇ ਪਿਆਲਾ ।
ਅਵਾਰਾ ਰਿਹਾ ਤੂੰ, ਰਿਹਾ ਦਰ-ਬ-ਦਰ ਤੂੰ,
ਬਣਾਈ ਨਾ ਕੁੱਲੀ, ਵਸਾਏ ਨਗਰ ਤੂੰ ।
ਕਿਤੇ ਮਰ ਗਏ ਕਿਉਂ ਤਾਰੀਖਾਂ ਦੇ ਜਾਣੂ ?
ਕਿਸੇ ਨੇ ਵੀ ਅਪਣਾ ਸਮਝਿਆ ਨਾ ਤੈਨੂੰ ।
ਕੜਕੀਆਂ ਨੇ ਪਿੰਜਰ ਤੇ ਤੇਰੇ ਬਿਜਲੀਆਂ,
ਕਈ ਵਾਰ ਅੱਗਾਂ ਵੀ ਤੇਰੇ ਤੇ ਵਰ੍ਹੀਆਂ ।
ਤੇਰੀ ਜੀਭ ਨੂੰ ਲਾਏ ਤਾਲੇ ਹਜ਼ਾਰਾਂ,
ਤੇਰੀ ਕਲਮ ਤੇ ਆਈਆਂ ਛੁਰੀਆਂ, ਕਟਾਰਾਂ ।
ਕਦੀ ਪਰ ਕਦਮ ਨਾ ਤੇਰਾ ਥਰਥਰਾਇਆ,



Digitized by Panjab Digital Library | www.panjabdigilib.org

ਦੁਖਾਂ ਨੇ ਸਤਾਇਆ, ਸੁਖਾਂ ਨੇ ਸਤਾਇਆ ।
ਕੋਈ ਹੁੰਦਾ ਗ਼ੈਰਤ, ਸ਼ਰਮ, ਆਨ ਵਾਲਾ
ਨਾ ਦਿੰਦਾ ਤੇਰੇ ਪੈਰ ਵਿਚ ਪੈਣ ਛਾਲਾ ।
ਇਹ ਨੀਯਤ ਜ਼ਮਾਨੇ ਦੀ ਕੀ ਕੋਈ ਨਾਪੇ ?
ਕਿ ਪੁੱਤਰ ਹੀ ਕਹਿੰਦੇ ਨੇ ਮਰ ਜਾਣ ਮਾਪੇ !
ਇਹ ਜ਼ਾਲਮ ਹਵਸ ਦਾ ਤਕਾਜ਼ਾ ਨਿਕਲਿਆ !
ਇਹ ਇਨਸਾਨੀਅਤ ਦਾ ਜਨਾਜ਼ਾ ਨਿਕਲਿਆ !

ਤੂੰ ਬੇਦਾਰ ਜੀਵਨ, ਤੂੰ ਪੂਰਨ ਅਜ਼ਾਦੀ,
ਤੂੰ ਖੁੱਦ-ਦਾਰ, ਤੂੰ ਬੇਧੜਕ ਆਸ਼ਾਵਾਦੀ ।
ਤੂੰ ਜੰਗਾਂ ਦੀ ਇਕ ਮੌਤ ਹੈਂ ਮੌਤ ਖਾ ਕੇ,
ਤੂੰ ਹੋ ਕਾਸ਼ ਪੈਦਾ ਮੇਰੇ ਦੇਸ ਆ ਕੇ !
ਤੁਹੀਂ ਹੋਣ ਵਾਲਾ ਹੈਂ ਮਹਿੰਦੀ ਪੈਗ਼ੰਬਰ,
ਤੇਰੀ ਪੈਰਵਾਈ ਨੂੰ ਝੁਕਿਆ ਹੈ ਅੰਬਰ ।
ਤੂੰ ਸਭ ਨੂੰ ਉਠਾਇਆ, ਤੂੰ ਸਭ ਨੂੰ ਜਗਾਇਆ,
ਨਹੀਂ ਦੋਸ਼ ਤੇਰਾ ਜੇ ਦੁਨੀਆ ਨਾ ਜਾਗੀ ।
ਤੂੰ ਬਾਗ਼ੀ, ਤੇਰੇ ਪੈਰ ਦੇ ਚਿੰਨ੍ਹ ਬਾਗ਼ੀ ।

—

27



Digitized by Panjab Digital Library | www.panjabdigilib.org

# ਤੇਰੀ ਕੌਣ ਸੁਣੇ

ਹੁਣ ਤੇਰੀ ਕੌਣ ਸੁਣੇ ?
ਨਫ਼ਿਆਂ ਦੀ ਅਗਨੀ ਵਿਚ ਸੜ ਗਏ ਦੇਸ ਦਿਸੌਰ,
ਸਭਿੱਤਾ ਦੇ ਰੌਲੇ ਤੋਂ ਕਖ ਨਾ ਸਕਿਆ ਸੌਰ।
ਕੌਮਾਂ ਦੇ ਮਾਲਕ ਨਾ ਖੋਲ੍ਹਣ ਦਿਲ ਦੇ ਰਾਜ਼,
ਤਕਸੀਮਾਂ ਜ਼ਰਬਾਂ ਵਿਚ ਡੋਬੀ ਜਾਣ ਜਹਾਜ਼ ।
ਹਰ ਇਕ ਸੂਰਨ-ਚਿੜੀ ਲਈ ਲੱਖ ਲੱਖ ਜਾਲ ਬੁਣੇ,
ਤੇਰੀ ਕੌਣ ਸੁਣੇ ?

ਆਪਾ-ਧਾਪੀ ਦਾ ਹੈ ਜਗ-ਰਾਹਾਂ ਤੇ ਸ਼ੋਰ,
ਜੀਵਨ ਕੀ ਮੌਲੇਗਾ ਤਲਵਾਰਾਂ ਦੇ ਜ਼ੋਰ ?



Digitized by Panjab Digital Library | www.panjabdigilib.org

ਵੱਡਾਂ ਦੇ ਪਾਣੀ ਤੋਂ ਫਲ ਗਿਆ ਅਤਿਆਚਾਰ;
ਕੌਮਾਂ ਨੂੰ ਮੇਟੇਗਾ ਅਪਣਾ ਹੀ ਪਰਚਾਰ ।
ਜੇਬਾਂ ਵਿੱਚ ਚਾਹੁੰਦੇ ਹਨ ਧਰਤੀ ਅਰਸ਼ ਹੁਣੇ ।
ਹੁਣ ਤੇਰੀ ਕੌਣ ਸੁਣੇ ?

ਬੈਂਕਾਂ ਦੇ ਰੰਗਾਂ ਵਿਚ ਡੁੱਬ ਗਏ ਸੋਹਣੇ ਖੇਤ,
ਕਰਜ਼ 'ਚ ਵਿਕ ਜਾਏ ਤੇਰੇ ਸਾਗਰ ਦੀ ਰੇਤ ।
ਧਰਤੀ ਦੇ ਫ਼ਾਕੇ ਦਾ ਜੰਗ ਤੋਂ ਹੱਲ ਮੁਹਾਲ,
ਨਿਸ ਦਿਨ ਵਧਣ ਪਏ ਨਵ ਦੁੱਖਾਂ ਦੇ ਜੰਜਾਲ ।
ਜਗਤ ਮਿਟਾਉਣ ਪਏ ਧਨੀਆਂ ਦੇ ਬਾਲ-ਪੁਣੇ—
ਦਸ ਤੇਰੀ ਕੌਣ ਸੁਣੇ ?

ਹੁਣ ਤੇਰੀ ਕੌਣ ਸੁਣੇ ?
ਤਖ਼ਤਾਂ ਦੀ ਰਾਖੀ ਨੇ ਕੀਤਾ ਜੀਣ ਹਰਾਮ,
ਤਾਜਾਂ ਦੀ ਸ਼ੁਹਰਤ ਦਾ ਹੁਕਮ ਰਿਹਾ ਕਤਲਾਮ ।
ਗਿਰਜੇ ਦੀ ਟੀਸੀ ਤੇ ਹੋਈ ਦਰਦ ਬਿਹੋਸ਼,
ਗੌਤਮ ਦੇ ਬੁੱਤਾਂ ਦੀ ਉਡ ਗਈ ਨਿਰਮਲ ਹੋਸ਼,
ਈਸਾ ਦੇ ਹੱਥਾਂ 'ਚੋਂ ਚੋ ਪਿਆ ਮੁੜ ਕੇ ਖ਼ੂਨ,
ਅਪਣੇ ਲਾਲਾਂ ਦੀ ਇੰਜ ਦੇਖ ਕੇ ਬਦਲੀ ਜੂਨ !



Digitized by Panjab Digital Library | www.panjabdigilib.org

ਹਰ ਇਕ ਅਪਣੇ ਤੋਂ ਸੋਹਣੀ ਹੀ ਚੀਜ਼ ਚੁਣੇ ।
ਹੁਣ ਤੇਰੀ ਕੌਣ ਸੁਣੇ ?

ਟੁੱਟਦੇ ਜਾਂਦੇ ਨੇ ਅਧਗੁੰਦੇ ਹਾਰ ਜਹੇ,
ਜ਼ਖਮੀ ਤੜਪ ਰਹੇ ਨੇ ਅੱਲੇ ਪਿਆਰ ਜਹੇ ।
ਹਰ ਪਾਸਾ ਜਾਪੇ ਕੁਝ ਧੁੰਦ ਗੁਬਾਰ ਜਿਹਾ,
ਹਰ ਚਿਹਰੇ ਤੇ ਹੈ ਨਫ਼ਰਤ-ਪਾਸਾਰ ਜਿਹਾ ।
ਆਉਂਦੀ ਜਾਪੇ ਸਭ ਨੂੰ ਅਪਣੀ ਮੌਤ ਹੁਣੇ–
ਹੁਣ ਤੇਰੀ ਕੌਣ ਸੁਣੇ ?



Digitized by Panjab Digital Library | www.panjabdigilib.org

# ਜਵਾਨੀ

ਮੌਤ ਦੀ ਕਾਲੀ ਭਿਆਨਕ ਗ਼ਾਰ ਤਕ
ਉਤਰਦੀ ਪੌੜੀ ਹੈ ਇਹ;
ਭੁੱਖ ਦੇ ਜੰਗਲ ਨੂੰ ਜਾਂਦਾ ਇਕ ਰਾਹ,
ਇਕ ਪਗ-ਡੰਡੀ ਜਹੀ
ਨਾ-ਉਮੀਦੀ ਦੇ ਕਿਸੇ ਪਰਦੇਸ ਨੂੰ;
ਇਕ ਪੁਲ ਜਾਂਦਾ ਥਕਾਵਟ ਦੇ ਹਨੇਰੇ ਦੇਸ ਨੂੰ–
ਇਹ ਜਵਾਨੀ ਹੈ ਮੇਰੀ ।



Digitized by Panjab Digital Library | www.panjabdigilib.org

ਇਹ ਜਵਾਨੀ, ਪੱਥਰੀ ਕੱਲਰੀ ਜ਼ਮੀਨਾਂ ਦੇ ਲਈ
ਜਾਂ ਮਸ਼ੀਨਾਂ ਦੇ ਲਈ;
ਵਕਤ ਤੋਂ ਪਹਿਲਾਂ ਹੀ ਡੁਬਦਾ ਦਿਨ ਜਿਹਾ,
ਸ਼ਾਮ ਵੇਲੇ ਟੁੱਟਦਾ ਤਾਰਾ ਕੋਈ;
ਅੱਧ ਉਸਰਨ ਤੇ ਹੀ ਢਹਿ ਜਾਂਦਾ ਮਹੱਲ—
ਇਹ ਜਵਾਨੀ ਹੈ ਮੇਰੀ।
ਉਤਰਦੀ ਪੌੜੀ ਹੈ ਇਹ
ਮੌਤ ਦੀ ਕਾਲੀ ਭਿਆਨਕ ਗ਼ਾਰ ਤਕ।
ਮੈਂ ਨਵੀਂ ਈਜਾਦ ਦੀ ਜੰਨਤ 'ਚ ਵੀ
ਹੋ ਨਹੀਂ ਸਕਿਆ ਜਵਾਨ।

ਤੜਪ ਹੁੰਦੀ ਏ ਜਵਾਨੀ ਵਿਚ ਕੋਈ
ਐਸ਼ ਦੀ, ਆਰਾਮ ਦੀ, ਆਨੰਦ ਦੀ।
ਖ਼ੂਨ ਹੁੰਦਾ ਏ ਤੁਫ਼ਾਨੀ ਵੇਗ ਇਕ,
ਨਜ਼ਰ ਹੁੰਦੀ ਏ ਕਿਸੇ ਦੇ ਦਿਲ ਤੋਂ ਪਾਰ,
ਫੇਰ ਹੁੰਦਾ ਏ ਪਿਆਰ
ਕਿਸੇ ਹਮਸਾਈ ਗਵਾਂਢਣ ਨਾਲ ਵੀ,
ਦੂਰ ਨੇੜੇ ਦੀ ਜਾਂ ਕੋਈ ਰਿਸ਼ਤੇਦਾਰ,
"ਭੈਣ" ਦੇ ਇਕ ਸ਼ਬਦ ਵਿਚ ਹੁੰਦਾ ਏ ਪਿਆਰ!

20.1.66



Digitized by Panjab Digital Library | www.panjabdigilib.org

ਤੜਪ ਹੁੰਦੀ ਏ ਜਵਾਨੀ ਵਿੱਚ ਕੋਈ।
ਪਰ ਜਵਾਨੀ ਨੂੰ ਮੇਰੀ
ਐਸ਼ ਦੀ, ਆਰਾਮ ਦੀ, ਆਨੰਦ ਦੀ,
ਆਸ ਤਕ ਕੋਈ ਨਹੀਂ !
ਤੜਪਣਾ ਮੇਰਾ ਏ ਸੀਜ਼ਨ ਦੇ ਲਈ,
ਕਾਰ ਦੇ ਹਨ ਛੇ ਮਹੀਨੇ ਸਾਲ ਵਿਚ,
ਛੇ ਮਹੀਨੇ ਠੋਕਰਾਂ ਵਿਚ, ਭਾਲ ਵਿਚ,
ਤੁਰਦਾ ਰਹਿੰਦਾ ਏ ਮੇਰਾ ਪਿੰਜਰ ਜਿਹਾ।
ਹੈ ਜਵਾਨੀ ਹੀ ਬੁੜ੍ਹਾਪੇ ਦਾ ਸ਼ੁਰੂ,
ਝੁੱਰੀਆਂ ਦਾ ਜਾਲ ਚਿਹਰੇ ਤੇ ਮੇਰੇ !
ਇਸ ਨਵੀਂ ਈਜਾਦ ਦੀ ਜੱਨਤ 'ਚ ਵੀ
ਜੋ ਬਣੀ ਏਂ ਮੇਰੇ ਪਰਸੀਨੇ ਤੋਂ, ਮੇਰੇ ਖ਼ੂਨ ਤੋਂ,
ਹੋ ਨਹੀਂ ਸਕਿਆ ਜਵਾਨ !

ਇਹ ਜਵਾਨੀ ਏ ਕਿ ਪਤ-ਝੜ ਦੀ ਬਹਾਰ,
ਬਰਫ਼-ਬਾਰੀ ਤੋਂ ਤਬਾਹ ਹੋਇਆ ਦਰਖ਼ਤ,
ਦਿੱਕ ਦਾ ਬੀਮਾਰ ਜਾਂ ਹੈ ਸਿੱਲ ਦਾ ਰੋਗੀ ਕੋਈ—
ਇਹ ਜਵਾਨੀ ਏ ਮੇਰੀ !
ਇਹ ਜਵਾਨੀ ਜਾਂ ਬੁੜ੍ਹਾਪਾ ਇਹ ਮੇਰਾ



Digitized by Panjab Digital Library | www.panjabdigilib.org

ਉੱਚੇ ਲੰਮੇਂ ਪੁਤਲੀ ਘਰ ਦੇ ਸਾਹਮਣੇ
ਤੜਪਦਾ ਫਿਰਦਾ ਏ ਸੀਜ਼ਨ ਦੇ ਲਈ !
ਆਸ ਹੋ ਸਕਦੀ ਏ ਕੀ
ਐਸ਼ ਦੀ, ਆਰਾਮ ਦੀ, ਆਨੰਦ ਦੀ ?
ਕੀ ਜਵਾਨੀ ਏ ਮੇਰੀ !
ਮੌਤ ਦੀ ਕਾਲੀ ਭਿਆਨਕ ਗ਼ਾਰ ਤਕ
ਉਤਰਦੀ ਪੌੜੀ ਹੈ ਇਹ !
ਮੈਂ ਨਵੀਂ ਈਜਾਦ ਦੀ ਜੰਨਤ 'ਚ ਵੀ
ਹੋ ਨਹੀਂ ਸਕਿਆ ਜਵਾਨ !



Digitized by Panjab Digital Library | www.panjabdigilib.org

# ਤਰੱਕੀ

ਤਰੱਕੀ ਕੁਝ ਨਹੀਂ ਹੋਈ।
ਭਿਆਨਕ ਅਕਲ ਦੇ ਨਿਸ ਦਿਨ ਹਨੇਰੇ ਵਧਦੇ ਜਾਂਦੇ ਨੇ;
ਨਵੇਂ ਗੁੰਝਲ, ਨਵੇਂ ਫੰਦੇ ਪਏ ਜੀਵਨ ਤੇ ਛਾਂਦੇ ਨੇ।
ਲੁਟੇਰੇ ਬਦਲ ਕੇ ਆਏ ਨੇ ਹੁਣ ਪਹਿਲੇ ਲਬਾਸ ਅਪਣੇ।
ਕਲਮ ਦੀ ਸ਼ਕਲ ਵਿਚ ਰਖਦੇ ਨੇ ਹੁਣ ਤਲਵਾਰ ਪਾਸ ਅਪਣੇ।
ਕਦੀ ਲੁੱਟਾਂ ਉਜਾੜਾਂ ਵਿਚ, ਕਦੀ ਲੁੱਟਾਂ ਬਜ਼ਾਰਾਂ ਵਿਚ,
ਕਤਲ ਕਰਦੇ ਨੇ ਦਿਨ ਵੇਲੇ ਕਦੀ ਕਰਦੇ ਰਹੇ ਰਾਤੀਂ।
ਤਰੱਕੀ ਕੁਝ ਨਹੀਂ ਹੋਈ।

ਫਰੇਬਾਂ ਦੇ ਕਿਲੇ ਵਾਲੇ ਅਜੇ ਬੋਲਣ ਨਹੀਂ ਦੇਂਦੇ,
ਇਹ ਹਥਿਆਰਾਂ ਦੇ ਬੰਦੇ ਮਿਲ ਕੇ ਦੁਖ ਫੋਲਣ ਨਹੀਂ ਦੇਂਦੇ।
ਨਵੇਂ ਨਾਦਰ, ਨਵੇਂ ਜਾਫਰ ਨਜ਼ਰ ਆਉਂਦੇ ਨੇ ਹਰ ਪਾਸੇ;
ਫਕੀਰੀ ਵੀ ਵਟਾ ਆਈ ਨਵੇਂ ਖੱਪਰ, ਨਵੇਂ ਕਾਸੇ।



Digitized by Panjab Digital Library | www.panjabdigilib.org

ਨਵੇਂ ਦੀਵੇ ਜਗੇ ਹਨ ਪਰ ਅਚਾਨਕ ਮੌਤ ਨੈਣਾਂ ਦੀ।
ਤਰੱਕੀ ਕੁਝ ਨਹੀਂ ਹੋਈ।

ਨਵੇਂ ਵਿਗਿਆਨ ਦੀ ਜਾਦੂਗਰੀ ਨਿਕਲੀ ਹੈ ਬਰਬਾਦੀ;
ਬਣੀ ਹੈ ਕੈਦ ਦੁਨੀਆ ਦੀ ਨਵੀਂ ਨੀਤੀ ਦੀ ਆਜ਼ਾਦੀ।
ਨਹੀਂ ਨਿਕਲੀ ਭਿਆਨਕ ਕੈਦ-ਗ਼ਮ 'ਚੋਂ ਜ਼ਿੰਦਗੀ ਹਾਲੇ;
ਹਨੇਰੇ ਵਿਚ ਅਜੇ ਤਕ ਹੈ ਸਮੇਂ ਦਾ ਆਦਮੀ ਹਾਲੇ।
ਹਜ਼ਾਰਾਂ ਰੂਪ ਬਦਲੇ ਹਨ, ਨਹੀਂ ਪਰ ਨੀਚਤਾ ਬਦਲੀ–
ਤਰੱਕੀ ਕੁਝ ਨਹੀਂ ਹੋਈ।

ਬਣੀ ਨਾ ਕੋਈ ਜ਼ਖਮੀ ਆਦਮੀਅਤ ਦੀ ਦਵਾ ਹਾਲੇ;
ਉਤਰਿਆ ਹੀ ਨਹੀਂ ਅਪਣੀ ਚਲਾਕੀ ਦਾ ਨਸ਼ਾ ਹਾਲੇ;
ਅਜੇ ਤਕ ਉਮਰ ਦੇ ਪੈਰਾਂ 'ਚ ਹਨ ਰੋਟੀ ਲਈ ਛਾਲੇ।
ਕਿਸੇ ਨੇ ਵੀ ਬਣਾਈ ਨਾ ਨਵੀਂ ਇਕ ਲਹਿਰ ਸਾਗਰ ਦੀ।
ਅਜੇ ਓਹੋ ਪੁਆੜੇ ਹਨ ਸੁਖੱਲਾ ਸਾਹ ਨਹੀਂ ਕੋਈ–
ਤਰੱਕੀ ਕੁਝ ਨਹੀਂ ਹੋਈ।



Digitized by Panjab Digital Library | www.panjabdigilib.org

# ਹਰਾਮੀ

ਗ਼ਮ ਨਹੀਂ,
ਇਸ ਪੁਰਾਣੇ ਬੋਲ ਦਾ ਕੁਝ ਗ਼ਮ ਨਹੀਂ ।
ਇਸ ਪੁਰਾਣੇ ਬੋਲ ਵਿਚ ਅਗਨੀ ਨਹੀਂ,
ਬੁਝ ਕੇ ਹੈ ਕੋਲਾ ਜਿਹਾ ।
ਅਸਰ ਇਸ ਵਿਚ ਉਹ ਨਹੀਂ ਕਿ ਜਿਸ ਤੋਂ ਮੈਂ
ਮਾਰ ਦੇਵਾਂ ਛਾਲ ਪਾਣੀ ਵਿਚ ਕਿਤੇ ।



Digitized by Panjab Digital Library | www.panjabdigilib.org

ਮੈਂ ਵੀ ਹੁਣ ਰਖਦਾ ਹਾਂ ਇਕ ਰੌਸ਼ਨ ਦਮਾਗ਼,
ਇਸ ਪੁਰਾਣੇ ਬੋਲ ਦਾ ਕੁਝ ਗ਼ਮ ਨਹੀਂ ।

ਅੱਜ ਤਕ ਇਤਹਾਸ ਦੀ ਕਾਰਾਗਰੀ
ਮਹਿਨਿਆਂ ਦੇ ਜਾਲ ਵਿਚ ਜਕੜੇ 'ਸ਼ਲੋਕ;
ਕੈਦ ਵਿਚ ਅਸ਼ਲੋਕ ਦੇ ਮਤਲਬ ਕਈ ।
'ਕਰਨ' ਦਾ ਅਸਲੀ ਪਿਤਾ ਦਸਦੇ ਨਹੀਂ ।
ਉਹ ਸ਼ਰਮ ਜਾਂਦੇ ਨੇ ਕਿਉਂ ?
ਵਰ ਤੋਂ ਹੀ ਦਸਦੇ ਨੇ ਸੂਰਜ ਦੇਵ ਦੇ ।
ਕਿੰਨਾ ਅਸਲੀਅਤ ਤੋਂ ਖਾਲੀ ਏ ਖਿਆਲ ?
ਫੇਰ ਵੀ ਏ ਕਰਨ ਹੁਣ ਤਕ ਦਾਨ-ਵੀਰ;
ਦੇਵਤਾ ਵੀ ਹੈ ਸਦਾ ।
ਠੀਕ ਹੋਵੇਗਾ ਪਿਤਾ ਬੁਜ਼ਦਿਲ ਮੇਰਾ,
ਡਰ ਗਿਆ ਹੋਸੀ ਸਮਾਜੀ ਭੂਤ ਤੋਂ,
ਗ਼ਮ ਨਹੀਂ ।
ਇਸ ਪੁਰਾਣੇ ਬੋਲ ਦਾ ਕੁਝ ਗ਼ਮ ਨਹੀਂ ।

ਰਾਮ ਚੰਦਰ ਦਾ ਮਹਾਂ ਸੈਨਾਪਤੀ
ਪਵਨ-ਪੁੱਤਰ ਬਣ ਕੇ ਲੁਕ ਸਕਦਾ ਨਹੀਂ ।



Digitized by Panjab Digital Library | www.panjabdigilib.org

ਕੌਣ ਹੈ ਸੀਤਾ ਦੀ ਮਾਂ ?
ਕੌਣ ਹੈ ਉਸ ਦਾ ਪਿਤਾ ?
ਕੀ ਪਤਾ !
ਪਰ ਹੈ ਉਹ ਦੇਵੀ ਸਦਾ ।
ਫੇਰ ਈਸਾ ਦਾ ਪਿਤਾ ਕੋਈ ਨਹੀਂ,
ਜਾਂ ਪਤਾ ਕੋਈ ਨਹੀਂ ।
ਫੇਰ ਵੀ ਅਵਤਾਰ, ਪੈਗ਼ੰਬਰ ਹੈ ਉਹ ।
ਠੀਕ ਹੋਵੇਗਾ ਪਿਤਾ ਬੁਜ਼ਦਿਲ ਮੇਰਾ
ਕਰਨ, ਈਸਾ ਦੇ ਪਿਤਾ ਦੇ ਵਾਂਗ ਹੀ
ਡਰ ਗਿਆ ਹੋਸੀ ਸਮਾਜੀ ਭੂਤ ਤੋਂ ।
ਮੈਂ ਵੀ ਹੋ ਸਕਦਾ ਹਾਂ ਇਸ ਦੁਨੀਆ 'ਚ ਕੁਝ
ਕਰਨ ਜਾਂ ਈਸਾ ਕਦੀ ।

ਦਿਲ 'ਚ ਬਦਲੇ ਦੀ ਅਗਨ
ਬਲ ਰਹੀ ਏ ਰਾਤ ਦਿਨ
ਜਿਸ ਤਰ੍ਹਾਂ ਜਵਾਲਾ-ਮੁਖੀ
ਧਰਤ ਦੇ ਅੰਦਰ ਕਦੀ, ਬਾਹਰ ਕਦੀ ।
ਕੌਣ ਕਹਿ ਸਕਦਾ ਹੈ ਕੀ ਕਰਨਾ ਹੈ ਮੈਂ ?
ਮੇਰੀ ਹਿੰਮਤ ਪਰ ਬਗ਼ਾਵਤ ਦੇ ਲਈ



Digitized by Panjab Digital Library | www.panjabdigilib.org

ਤੜਪਦੀ ਏ ਰਾਤ ਦਿਨ !
ਜਾਣਦਾ ਹਾਂ ਮੈਂ ਕਿ ਅਪਣਾ ਹੀ ਕਰਮ
ਤੋੜ ਸਕਦਾ ਏ, ਬਣਾ ਸਕਦਾ ਏ ਕੁਝ
ਅਮਲ ਨੂੰ ਮੇਰੇ ਕਦੀ ।
ਉਸ ਪਿਤਾ ਦੀ ਕੰਧ ਡੱਕ ਸਕਦੀ ਨਹੀਂ,
ਨੀਚ ਕੋਈ ਜਨਮ ਤੋਂ ਹੁੰਦਾ ਨਹੀਂ ।
ਅੱਜ ਨਹੀਂ ਧੋਖੇ 'ਚ ਮੇਰੀ ਜ਼ਿੰਦਗੀ;
ਹੁਣ ਪੁਰਾਣੇ ਵਹਿਮ ਦਾ ਕੁਝ ਗ਼ਮ ਨਹੀਂ ।



Digitized by Panjab Digital Library | www.panjabdigilib.org

# ਨੌਕਰ

ਨੀਂਦ 'ਚੋਂ ਜਾਗ ਉਠਦਾ ਹਾਂ
ਸੁਪਨ 'ਚ ਆਉਂਦੀ ਏ ਆਵਾਜ਼:
'ਇਕ ਪਾਣੀ ਦਾ ਗਿਲਾਸ ।'
ਅਜੇ ਸੁੱਤਾ ਵੀ ਨਹੀਂ ਹੋ ਗਿਆ ਏ ਦਿਨ ਖਬਰੇ ।
'ਇਕ ਪਾਣੀ ਦਾ ਗਿਲਾਸ'
ਵਹਿਮ ਮੇਰਾ ਹੀ ਸਹੀ,
ਨੀਂਦ ਤਾਂ ਉਡ ਜਾਂਦੀ ਏ ।
ਰਾਤ ਅੱਧੀ ਨੂੰ ਜਿਵੇਂ ਪੈਂਦੀ ਏ ਕਾਤਲ ਨੂੰ ਅਵਾਜ਼,
ਧੜਕ ਜਾਂਦਾ ਏ ਜਵਾਨ,
ਉਸ ਤਰ੍ਹਾਂ ਨੀਂਦ 'ਚੋਂ ਜਾਗ ਉਠਦਾ ਹਾਂ
ਜਿਸ ਤਰ੍ਹਾਂ ਭੂਤ ਨਜ਼ਰ ਆਏ ਕਿਸੇ ਸੋਹਣੀ ਨੂੰ ।

ਜਿਸ ਤਰ੍ਹਾਂ ਮੇਰਾ ਲਹੂ ਖ਼ੂਨ ਨਹੀਂ;
ਇਕ ਪਲ ਚੈਨ ਮੇਰਾ



Digitized by Panjab Digital Library | www.panjabdigilib.org

ਸਭ ਦੇ ਸੀਨੇ 'ਚ ਹੈ ਇਕ ਸੂਲ ਜਹੀ।
ਇਸ ਤਰ੍ਹਾਂ ਮਿਲਦੀ ਏ ਰੋਟੀ ਕਿ ਗਰੀਬਾਂ ਨੂੰ ਖਰੈਤ।
ਕਦੀ ਸਿਰ-ਦਰਦ ਜੇ ਹੋਵੇ ਤਾਂ ਬਹਾਨਾ ਸਮਝਣ।
ਕਦੀ ਆ ਜਾਂਦਾ ਏ ਗੁੱਸਾ ਕਿ ਮੈਂ ਨਸ ਜਾਵਾਂ ਕਿਤੇ
ਮਾਇਆ ਤੇ ਜ਼ੇਵਰ ਲੈ ਕੇ—
ਏਸ ਚੋਰੀ ਦੇ ਲਈ ਨੀਂਦ 'ਚੋਂ ਜਾਗ ਉਠਦਾ ਹਾਂ।
ਛਲਕਦੇ ਰੇਸ਼ਮ ਦੇ ਲਬਾਸ,
ਅਕਸ ਲਹਿਰਾਂ ਤੇ ਹੈ ਨੀਲੋਫਰ ਦਾ,
ਸੰਦਲੀ ਜ਼ੁਲਫਾਂ ਦਾ ਸ਼ਿੰਗਾਰ,
ਮਖ਼ਮਲੀ ਸੀਨੇ ਦਾ ਉਭਾਰ,
ਰਾਤ ਦਿਨ ਖੁਸ਼ਬੂ ਦੀ ਬਹਾਰ
ਜਿਵੇਂ ਹਸਦੇ ਨੇ ਗੁਲਾਬ,
ਵੇਖ ਕੇ ਅਧਨੰਗੇ ਬਦਨ
ਨੀਤ ਹੁੰਦੀ ਏ ਖਰਾਬ;
ਉਹ ਸਮਝਦੇ ਹੀ ਨਹੀਂ—ਮੈਂ ਵੀ ਤਾਂ ਦਿਲ ਰਖਦਾ ਹਾਂ!
ਰਾਤ ਨੂੰ ਜਾਗ ਉਠਦਾ ਹਾਂ।
ਪੀ ਲਵਾਂ ਨੈਣਾਂ ਦੀ ਸ਼ਰਾਬ
ਜੋ ਅਜੇ ਸੁਪਨ੍ਹ ਦੀ ਮਧੁਸ਼ਾਲਾ 'ਚ ਢਲਦੀ ਏ ਪਈ;
ਚੁੰਮ ਲਵਾਂ ਬੁਲ੍ਹ ਕੋਈ,



Digitized by Panjab Digital Library | www.panjabdigilib.org

ਘੁੱਟ ਲਵਾਂ ਸੀਨਾ ਕੋਈ
ਜਿਸ ਤੋਂ ਫਿਰਦੀ ਏ ਮੇਰੇ ਖ਼ੂਨ 'ਚ ਬਿਜਲੀ ਹਰਦਮ;
ਖੋਲ੍ਹ ਦਿਆਂ ਵਾਲ ਕੋਈ,
ਜਾਣ ਕੀ ਸਕਦਾ ਏ ਸੀਨੇ ਦਾ ਮੇਰੇ ਹਾਲ ਕੋਈ–
ਰਾਤ ਅੱਧੀ ਨੂੰ ਵੀ ਰੋ ਪੈਂਦਾ ਏ ਬਾਲ਼ ਕੋਈ;
ਫੇਰ ਆਉਂਦੀ ਏ ਅਵਾਜ਼: 'ਇਕ ਪਾਣੀ ਦਾ ਗਲਾਸ !'
ਇਕ ਪਾਣੀ ਦਾ ਗਲਾਸ
ਡੋਬ ਦੇਂਦਾ ਏ ਮੇਰੇ ਆਸਰੇ ਖ਼ਾਬਾਂ ਦਾ ਜਹਾਜ਼ ।
ਦੇ ਦਿਆਂ ਕਿਉਂ ਨਾ ਜਵਾਬ ?
ਫੇਰ ਆਉਂਦਾ ਏ ਖ਼ਿਆਲ–
ਹੋਰ ਜ਼ਰਦਾਰ ਵੀ ਇਨ੍ਹਾਂ ਦੇ ਭਰਾ ਹੋਵਣਗੇ !



Digitized by Panjab Digital Library | www.panjabdigilib.org

# ਆਸ ਕਿਰਨ

[ਮਹਾਂ ਕਵੀ ਇਕਬਾਲ ਦੀ ਇਹ ਕਵਿਤਾ 'ਸ਼ੁਆ-ਏ-ਉਮੀਦ' ਉਨ੍ਹਾਂ ਦੀਆਂ ਅੰਤਲੀਆਂ ਨਜ਼ਮਾਂ ਵਿਚੋਂ ਇਕ ਹੈ। ਇਸ ਕਵਿਤਾ ਵਿੱਚ ਉਨ੍ਹਾਂ ਦਾ ਆਪਣੇ ਵਤਨ ਲਈ ਪਿਆਰ ਡੁਲ੍ਹ ਡੁਲ੍ਹ ਪੈ ਰਿਹਾ ਹੈ। ਉਨ੍ਹਾਂ ਦੀ ਪ੍ਰਬਲ ਖ਼ਾਹਸ਼ ਹੈ ਕਿ ਹਿੰਦੁਸਤਾਨ ਦਾ ਕੋਨਾ ਕੋਨਾ ਚਮਕ ਜਾਏ ਤੇ ਹਰ ਕਿਸਮ ਦੀ ਜਹਾਲਤ ਦਾ ਹਨੇਰਾ ਹਮੇਸ਼ਾਂ ਲਈ ਦੂਰ ਹੋ ਜਾਏ। ਇਹ ਖਿਆਲ ਉਨ੍ਹਾਂ ਇਕ ਕਿਰਨ ਦੀ ਜ਼ਬਾਨ ਤੋਂ ਕਹਾਏ ਹਨ। ਆਪਣੇ ਵਤਨ ਦੀ ਮਿੱਟੀ ਨੂੰ ਉਹ ਚੰਦ ਤੇ ਸਿਤਾਰਿਆਂ ਤੋਂ ਕੀਮਤੀ ਸਮਝਦੇ ਹਨ ਤੇ ਇਸੇ ਲਈ ਉਹ ਆਖ਼ਰੀ ਦਮ ਤਕ ਆਪਣੇ ਵਤਨ ਨੂੰ ਪਿਆਰਦੇ ਤੇ ਉਸ ਦੀ ਤਰੱਕੀ ਲਈ ਯਤਨ ਕਰਦੇ ਰਹੇ। ਇਹ ਕਵਿਤਾ ਉਨ੍ਹਾਂ ਦੇ ਆਪਣੇ ਬਹਿਰ ਵਿਚ ਹੀ ਅਨੁਵਾਦ ਕੀਤੀ ਗਈ ਹੈ ਤੇ ਮੇਰੇ ਵਲੋਂ ਇਹ ਯਤਨ ਰਿਹਾ ਹੈ ਕਿ ਉਨ੍ਹਾਂ ਦੇ ਭਾਵਾਂ ਤੇ ਜਜ਼ਬਿਆਂ ਦੀ ਰੂਹ ਇੰਨ-ਬਿੰਨ ਪੰਜਾਬੀ ਕਾਵ-ਪ੍ਰੇਮੀਆਂ ਦੇ ਸਾਹਮਣੇ ਰੱਖੀ ਜਾ ਸਕੇ।]

ਸੂਰਜ ਨੇ ਹੁਕਮ ਲੁੱਛਦੀਆਂ ਕਿਰਨਾਂ ਨੂੰ ਸੁਣਾਇਆ:
'ਇਹ ਦੁਨੀਆ ਅਜਬ ਚੀਜ਼ ਏ ਦਿਨ ਰਾਤ ਦੀ ਮਾਇਆ।



Digitized by Panjab Digital Library | www.panjabdigilib.org

'ਉਮਰਾਂ ਤੋਂ ਅਵਾਰਾ ਹੋ ਤੁਸੀਂ ਅਰਸ਼ ਦੇ ਹੇਠਾਂ
'ਪਰ ਵਕਤ ਦੇ ਚੱਕਰ ਨੇ ਸਤਾਇਆ ਹੀ ਸਤਾਇਆ।
'ਨਾ ਰੇਤ ਤੇ ਚਮਕਣ ਦਾ ਹੀ ਜੀਵਨ ਨੂੰ ਮਜ਼ਾ ਏ,
'ਫੁੱਲਾਂ ਦੇ ਮਗਰ ਫਿਰ ਕੇ ਵੀ ਆਨੰਦ ਨਾ ਪਾਇਆ।
'ਹੁਣ ਆਓ ਮੇਰੇ ਦਰਦ-ਭਰੇ ਦਿਲ 'ਚ ਸਮਾਓ,
'ਬਾਗ਼ਾਂ ਤੇ ਬੀਆਬਾਨਾਂ 'ਚੋਂ ਨਜ਼ਰਾਂ ਨੂੰ ਹਟਾਓ।'

ਵਿਛੜੇ ਹੋਏ ਅਸਲੇ ਨੂੰ ਮਿਲਣ ਉਠੀਆਂ ਨੇ ਕਿਰਨਾਂ,
ਮੁੜ ਦਿਲ 'ਚ ਸਮਾ ਚੱਲੀਆਂ ਨੇ ਰਾਗੀ ਦੀਆਂ ਖਿਰਨਾਂ।
ਇਕ ਰੌਲਾ ਏ: 'ਪੱਛਮ 'ਚ ਨ ਹੁਣ ਹੋਵੇ ਉਜਾਲਾ,
'ਦਿਲ ਇਸ ਦਾ ਮਸ਼ੀਨਾਂ ਦੇ ਧੂਏਂ ਨਾਲ ਹੈ ਕਾਲਾ।
'ਅੰਦਰ ਦੇ ਨਜ਼ਾਰੇ ਤੋਂ ਜੋ ਕੁਝ ਜਾਣੂ ਏ ਹਿੰਦੀ
'ਪਰ ਅਸਲ 'ਚ ਨ ਤਾਰਾ ਏ, ਨ ਜੁਗਨੂੰ ਏ ਹਿੰਦੀ।
'ਸੁਰਰਾਜ ਤੂੰ ਸੀਨੇ ਦੇ ਹੀ ਚਾਨਣ 'ਚ ਲੁਕਾ ਲੈ,
'ਕਰ ਮਿਹਰ ਤੇ ਗਰਦਸ਼ ਦਿਆਂ ਜਾਲਾਂ 'ਚੋਂ ਛੁਡਾ ਲੈ।'

ਇਕ ਤੇਜ਼ ਕਿਰਨ ਹੂਰ-ਨਜ਼ਰ, ਛਲਕਦਾ ਪਾਰਾ,
ਆਰਾਮ ਤੋਂ ਅਨਜਾਣ, ਤੜਪਦਾ ਹੋਇਆ ਧਾਰਾ,
ਬੋਲੀ ਕਿ ਤੂੰ ਦੇ ਹਿੰਦ 'ਚ ਚਮਕਣ ਦੀ ਇਜਾਜ਼ਤ



Digitized by Panjab Digital Library | www.panjabdigilib.org

ਜਦ ਤਕ ਕਿ ਚਮਕ ਜਾਏ ਨ ਤਮ-ਏਸ਼ੀਆ ਸਾਰਾ ।
ਛੱਡਾਂਗੀ ਨ ਮੈਂ ਹਿੰਦ 'ਚ ਹੁਣ ਕਾਲੀ ਬਲਾ ਨੂੰ,
ਹਰ ਦਿਲ 'ਚੋਂ ਹਟਾਵਾਂਗੀ ਮੈਂ ਪਸਤੀ ਦਾ ਖਿਲਾਰਾ ।
ਜੇ ਤੇਰਾ ਕਰਮ ਹੋਵੇ ਮੇਰੇ ਇਸ਼ਕ 'ਚ ਸ਼ਾਮਲ
ਹੋ ਜਾਏਗਾ ਪੂਰਬ ਵੀ ਚਮਕਦਾ ਹੋਇਆ ਤਾਰਾ ।
'ਇਕਬਾਲ' ਦੇ ਰੋਵਣ ਤੋਂ ਹੀ ਤਰ ਹੋਇਆ ਏ ਭਾਰਤ;
ਪੂਰਬ ਦੀ ਵੀ ਹਰ ਆਸ ਦਾ ਘਰ ਹੋਇਆ ਏ ਭਾਰਤ ।
ਸੂਰਜ ਦੀਆਂ ਅੱਖਾਂ ਵੀ ਨੇ ਇਸ ਖ਼ਾਕ ਤੋਂ ਰੌਸ਼ਨ,
ਇਹ ਚੰਦ ਦਾ ਸੁਰਮਾ ਏ ਤਾਂ ਕੋਹਨੂਰ ਦਾ ਜੀਵਨ ।
ਇਸ ਖ਼ਾਕ ਤੋਂ ਹੋਏ ਨੇ ਉਹ ਇਨਸਾਨ ਉਜਾਗਰ
ਇਕ ਛਾਲ 'ਚ ਟੱਪ ਜਾਣ ਜੋ ਸੰਸਾਰ ਦੇ ਸਾਗਰ ।

ਜਿਸ ਸਾਜ਼ ਤੋਂ ਹਰਕਤ ਸੀ ਦਿਲਾਂ ਵਿਚ, ਪਰ ਉਹ ਸਾਜ਼
ਉਜੜੀ ਹੋਈ ਮਹਿਫਲ 'ਚ ਹੈ ਰੁਲਦਾ ਬਿਨਾਂ ਆਵਾਜ਼ ।
ਮੰਦਰ 'ਚ ਬਰਾਹਮਣ ਵੀ ਤੜਪਦਾ ਏ ਬਿਨਾਂ ਆਨ;
ਤਕਦੀਰ ਨੂੰ ਰੋਂਦੇ ਨੇ ਮਸੀਤਾਂ 'ਚ ਮੁਸਲਮਾਨ !
ਪੱਛਮ ਤੋਂ ਨਾ ਤੂੰ ਡਰ, ਕਦੀ ਪੂਰਬ ਤੋਂ ਨਾ ਤੂੰ ਡਰ;
ਕੁਦਰਤ ਦਾ ਇਸ਼ਾਰਾ ਏ ਕਿ ਹਰ ਰਾਤ ਨੂੰ ਦਿਨ ਕਰ ।



Digitized by Panjab Digital Library | www.panjabdigilib.org

## ਨਾਚੀ

ਜਿਸਮ ਤੇਰਾ ਪਰ ਕਿਸੇ ਕਾਬਲ ਨਹੀਂ;
ਰੰਗ ਪੌਡਰ ਤੋਂ ਵੀ ਲੁਕ ਸਕਿਆ ਨਹੀਂ ।
ਤੌੜੀਆਂ ਦੇ ਸ਼ੋਰ ਵਿਚ,
ਬਿਜਲੀਆਂ ਦੇ ਨੂਰ ਵਿਚ,
ਸਾਜ਼ ਦੀ ਆਵਾਜ਼ ਦੇ ਪਰਦੇ 'ਚ ਵੀ
ਜਿਸਮ ਤੇਰਾ, ਜਿਸਮ ਲੁਕ ਸਕਿਆ ਨਹੀਂ ।

ਹੋ ਰਹੀ ਏ ਅੰਗ ਮੋੜਨ ਦੀ ਤਰੀਫ਼;



Digitized by Panjab Digital Library | www.panjabdigilib.org

ਅੰਗ ਮੋੜਨ ਤੋਂ ਪਿਛਾਂਹ ਪਰਦੇ ਤੇ ਵੀ
ਬਣ ਰਹੇ ਨੇ ਕੁਝ ਅਜੰਤਾ ਦੇ ਖ਼ਿਆਲ ।
ਪਰ ਮੈਂ ਤੱਕਦਾ ਹੀ ਰਿਹਾ ਤੇਰਾ ਬਦਨ,
ਦਿਲ ਨੂੰ ਖਿਚ ਸਕਦਾ ਨਹੀਂ ਜੁੱਸਾ ਤੇਰਾ ।

ਹੋਲੀਆਂ ਵਿਚ ਜਿਸ ਤਰ੍ਹਾਂ
ਕੋਈ ਪੂਰਬ ਦਾ ਮਰਦ ਬਣ ਕੇ ਕੁੜੀ
ਨਚ ਰਿਹਾ ਹੈ ਮੋਚੀਆਂ ਦੇ ਸਾਹਮਣੇ
ਗ਼ਿੱਲੇ ਘਾ-ਮੰਡੀ ਦੇ ਉਸ ਮੈਦਾਨ ਵਿਚ,
ਉਸ ਤੋਂ ਵਧ ਕੁਝ ਵੀ ਨਹੀਂ ।
ਨਾਚ ਤੇਰਾ ਉਸ ਤੋਂ ਵਧ ਕੁਝ ਵੀ ਨਹੀਂ ।
ਨਾਚ ਤੇਰਾ ਕੀ ਬੁਝਾ ਸਕਦਾ ਪਿਆਸ
ਲਗ ਰਹੀ ਏ ਰਾਤ ਦਿਨ ਰਗ ਰਗ ਨੂੰ ਜੋ ?
ਨਾਚ ਤੇਰਾ ਕੀ ਬੁਝਾ ਸਕਦਾ ਅਗਨ
ਹੈ ਮੇਰੇ ਸੀਨੇ 'ਚ ਜੋ ?
ਲੈ ਕੇ ਇਹ ਆਇਆ ਸਾਂ ਇਕ ਚਸ਼ਮੇ ਤੇ ਮੈਂ ।
ਹਾਏ ! ਪਰ ਚਸ਼ਮਾ ਤੇਰਾ
ਪਿਆਸ ਨੈਣਾਂ ਦੀ ਬੁਝਾ ਸਕਿਆ ਨਹੀਂ !
ਅੱਗ ਮੇਰੀ ਨੂੰ ਲੁਕਾ ਸਕਿਆ ਨਹੀਂ;



Digitized by Panjab Digital Library | www.panjabdigilib.org

ਆਸ ਮੇਰੀ ਤੇ ਵੀ ਛਾ ਸਕਿਆ ਨਹੀਂ ।
ਪੈਰ ਨੱਚੇ, ਅੰਗ ਨੱਚੇ ਨੇ ਤੇਰੇ,
ਮੇਰਾ ਨੱਚਿਆ ਦਿਲ ਨਹੀਂ !
ਜਿਸਮ ਤੇਰਾ ਪਰ ਕਿਸੇ ਕਾਬਲ ਨਹੀਂ;
ਰੰਗ ਤੇਰਾ, ਜਿਸਮ ਤੇਰਾ ਕੁਝ ਨਹੀਂ;
ਨਾਚ ਤੇਰਾ ਕੁਝ ਨਹੀਂ ਮੇਰੇ ਲਈ ।



Digitized by Panjab Digital Library | www.panjabdigilib.org

# ਰਾਲਫ਼ ਫ਼ੌਕਸ

ਇਹ ਨੌਜਵਾਨ ਸਾਹਿਤਕਾਰ ਹੇਲੀਫੈਕਸ (ਇੰਗਲਿਸਤਾਨ) ਵਿਚ ੧੯੦੦ ਨੂੰ ਪੈਦਾ ਹੋਇਆ। ਇਸ ਨੇ ਔਕਸਫੋਰਡ ਵਿਚ ਵਿਦਿਆ ਪ੍ਰਾਪਤ ਕੀਤੀ। ਰੂਸੀ ਇਨਕਲਾਬ ਦਾ ਇਸ ਤੇ ਬਹੁਤ ਅਸਰ ਹੋਇਆ। ਇਸੇ ਤਰ੍ਹਾਂ ਦੇ ਨੌਜਵਾਨ, ਜਿਹੜੇ ਸਾਰੀਆਂ ਕੌਮਾਂ ਨੂੰ ਇਕ ਕੁਨਬਾ ਸਮਝਦੇ ਹਨ ਅਤੇ ਰੰਗ, ਨਸਲ ਤੇ ਦੇਸ ਦਾ ਵਿਤਕਰਾ ਨਾ ਰਖਦੇ ਹੋਏ, ਦੂਸਰੇ ਦੇਸਾਂ ਲਈ ਆਪਣੀ ਜਾਨ ਤਕ ਵੀ ਵਾਰ ਦਿੰਦੇ ਹਨ, ਹੀ ਇਸ ਦੁਨੀਆ ਵਿਚ ਸਹੀ ਸਾਂਝੀ-ਵਾਲਤਾ ਲਿਆ ਕੇ ਦੁਨੀਆ ਦੇ ਕਲਿਆਣ ਦਾ ਸਾਧਨ ਹੋ ਸਕਦੇ ਹਨ। ਇਹ ਸਾਂਝੀ-ਵਾਲਤਾ ਦਾ ਪੁਜਾਰੀ ਸਪੇਨ ਦੀ ਅਜ਼ਾਦੀ ਲਈ ਲੜਦਾ ਹੋਇਆ ੨ ਫਰਵਰੀ ੧੯੩੭ ਨੂੰ ਸ਼ਹੀਦ ਹੋ ਗਿਆ।

ਆਉਣ ਵਾਲੀ ਨਵੀਂ ਦੁਨੀਆ ਦਾ ਸਫ਼ੀਰ,
ਇਕ ਨਵੀਂ ਜਾਗ ਦਾ ਬੇਦਾਰ ਤੁਰਮ,
ਮੇਲ-ਆਦਮ ਦੀ ਮਹਾਂ ਮੰਜ਼ਲ ਨੂੰ
ਅਮਲ ਦਾ ਇਕ ਉਠਦਾ ਕਦਮ।
ਜ਼ਿੰਦਗੀ ਰੂਹ ਦੀ ਬੇਦਾਰੀ ਏ,
ਕੌਮ ਦੀ ਬੇਦਾਰੀ ਨਹੀਂ;



Digitized by Panjab Digital Library | www.panjabdigilib.org

ਮੁਲਕ ਦੀ ਹੁਸ਼ਿਆਰੀ ਨਹੀਂ ।
ਜਾਗ੍ਰਤ ਉਹ ਕਿ ਜਗਾਏ ਸਭ ਨੂੰ ।
ਮੁਲਕ ਦੇ ਜੋਸ਼ ਨੇ ਪਰ,
ਕੌਮ ਦੀ ਜਾਗ ਨੇ ਪਰ
ਦੂਸਰੀ ਦੁਨੀਆ ਸੁਆਈ ਹੁਣ ਤਕ ।
ਜੀਭ ਤੇ ਆਪਣੀ ਖ਼ੁਦਾਈ ਹੁਣ ਤਕ;
ਜੰਗ ਲੜਾਈ ਹੁਣ ਤਕ ।
ਜਾਲ ਇਹ ਪੁਖ਼ਤਾ ਕਈ ਸਦੀਆਂ ਦਾ
ਤੋੜ ਕੇ ਤੁਰ ਹੀ ਪਿਆ ਜਾਗਦਾ ਮਨ,
ਆਉਣ ਵਾਲੀ ਨਵੀਂ ਦੁਨੀਆ ਦਾ ਸਫ਼ੀਰ ।

ਦੂਸਰੇ ਦੇਸ ਲਈ, ਕੌਮ ਲਈ
ਦੇਣ ਬਲੀ-ਦਾਨ ਅਪਣਾ
ਹੋ ਗਈ ਅਮਰ ਜੁਆਨੀ ਇਸ ਦੀ ।
ਆਉਣ ਵਾਲੀ ਨਵੀਂ ਰਗ ਰਗ 'ਚ ਕਹਾਣੀ ਇਸ ਦੀ
ਖ਼ੂਨ ਬਣ ਜਾਏਗਾ ਜ਼ਿੰਦਗਾਨੀ ਦਾ ।
ਤੜਪ ਦੇਵੇਗਾ ਸਰਬ-ਸਾਂਝ ਲਈ
ਇਹ ਬਲੀ-ਕੁੰਡ ਸਪੇਨ ।
ਰੋਣਗੇ ਲੱਖਾਂ ਫ੍ਰਾਂਕੂ ਬੇਦੀਨ



Digitized by Panjab Digital Library | www.panjabdigilib.org

ਆਪਣੀ ਤਲਵਾਰ ਦੀ ਗ਼ੱਦਾਰੀ ਤੇ,
ਗ਼ੈਰ ਦੀ ਹੁਸ਼ਿਆਰੀ ਤੇ ।

ਜ਼ਿੰਦਗੀ ਰੂਹ ਦੀ ਬੇਦਾਰੀ ਏ,
ਸਾਂਝ ਦੀ ਇਸ 'ਚੋਂ ਹਵਾ ਜਾਰੀ ਏ ।
ਜਿਸਮ-ਸੰਸਾਰ ਦੇ ਸਭ ਅੰਗ ਨੇ ਦੇਸ,
ਅੰਗ ਬੁਰਾ ਕੋਈ ਨਹੀਂ ।
ਕੋਈ ਕਮਜ਼ੋਰ ਵੀ ਹੋਵੇ ਤਾਂ ਜਿਸਮ ਹੈ ਦੁਖੀਆ;
ਨਾ-ਮੁਕੰਮਲ ਏ ਜੁਆਨੀ ਇਸ ਦੀ,
ਜ਼ਿੰਦਗਾਨੀ ਇਸ ਦੀ ।
ਪੈਰ ਨੂੰ ਲਗਦੀ ਏ ਠੋਕਰ ਜਦ ਵੀ
ਸਿਰ ਤੋਂ ਸੁਖ-ਤਾਜ ਉਲਟ ਜਾਂਦਾ ਏ ।
ਜ਼ਿੰਦਗੀ ਮੌਤ ਹੈ ਬੇਮੇਲ ਜਹੀ;
ਹੋ ਗਈ ਸਦੀਆਂ ਹੀ ਇਹ ਖੇਲੁ ਜਹੀ ।
ਦੇਸ ਦੀ ਕੰਧ, ਨਸਲ ਦੀ ਦੀਵਾਰ
ਚੀਰ ਕੇ ਲੰਘ ਗਿਆ ਹੈ ਇਹ ਤੀਰ—
ਆਉਣ ਵਾਲੀ ਨਵੀਂ ਦੁਨੀਆ ਦਾ ਸਫ਼ੀਰ ।
ਇਸ ਤੇ ਇੰਗਲੈਂਡ ਨਹੀਂ, ਨਾਜ਼ ਹੈ ਦੁਨੀਆ ਨੂੰ ਹਜ਼ਾਰ !
ਕਲਮ, ਤਲਵਾਰ ਦੀ ਤੇਜ਼ੀ ਦਾ ਧਨੀ,



Digitized by Panjab Digital Library | www.panjabdigilib.org

ਦਰਦ ਦਾ, ਦੁਖ ਦਾ ਧਨੀ, ਰੂਹ ਦਾ ਧਨੀ ।
ਹੋ ਗਈ ਅਮਰ ਜੁਆਨੀ ਇਸ ਦੀ ।
ਦਿਲ 'ਚ ਦਿਲ ਬਣ ਕੇ ਰਹੇਗੀ ਹਰਦਮ
ਇਹ ਸ਼ਹੀਦੀ, ਇਹ ਜੁਆਨੀ ਇਸ ਦੀ,
ਕੁਰਬਾਨੀ ਇਸ ਦੀ ।
ਜ਼ਿੰਦਗੀ ਰੂਹ ਦੀ ਬੇਦਾਰੀ ਏ ।
ਯਾਦ ਆਏਗਾ ਜ਼ਮਾਨੇ ਨੂੰ ਸਦਾ
ਆਉਣ ਵਾਲੀ ਨਵੀਂ ਦੁਨੀਆ ਦਾ ਸਫ਼ੀਰ ।



Digitized by Panjab Digital Library | www.panjabdigilib.org

# ਭੂਮ-ਕੇਤੂ

ਇਕ ਕੁਨਬਾ ਨਹੀਂ, ਇਕ ਜਨਮ ਤੋਂ ਸੰਸਾਰ ਅਜੇ;
ਜ਼ਿੰਦਗੀ ਆਪਣੇ ਖ਼ਿਆਲਾਂ ਤੇ ਹੈ ਇਕ ਭਾਰ ਅਜੇ ।
ਹੱਕ ਦਾ ਨੂਰ ਦਬਾ ਰਖਦਾ ਏ ਪਰਚਾਰ ਅਜੇ;
ਕਲਮ ਦੇ ਸੰਘ 'ਚ ਅੜ ਜਾਂਦੀ ਏ ਤਲਵਾਰ ਅਜੇ;
ਤੇਰੇ ਦਰਸ਼ਨ ਦੀ ਜ਼ਰੂਰਤ ਏ ਕਈ ਵਾਰ ਅਜੇ ।

ਨਾ ਬੁਝੀ ਖ਼ੂਨ ਤੋਂ ਕਾਲੀ ਦੀ ਮਹਾਂ ਪਿਆਸ ਅਜੇ;
ਪ੍ਰਿਥਮ ਤਾਲ਼ਾਂ 'ਚ ਹੀ ਨਚਦਾ ਏ ਮਹਾਂ-ਨਾਸ਼ ਅਜੇ ।
ਲੀਕ ਸ਼ੀਸ਼ੇ ਤੇ ਅਮਿਟ ਮੌਤ ਦਾ ਵਿਸ਼ਵਾਸ ਅਜੇ;
ਸਾਂਝ ਦਾ ਨੂਰ ਕੁਬੇਰਾਂ ਨੂੰ ਨਹੀਂ ਰਾਸ ਅਜੇ;
ਤੇਰੇ ਉਪਜਨ ਤੋਂ ਹੈ ਦੁਨੀਆ ਨੂੰ ਬੜੀ ਆਸ ਅਜੇ ।

ਅਕਲ ਹੈ ਆਪਣੇ ਚੌਰਾਹੇ ਤੇ ਹੀ ਪਰਕਾਰ ਅਜੇ;
ਆਪਣੇ ਪਾਣੀ 'ਚ ਮਰੇ ਹੋਸ਼ ਦਾ ਸੰਸਾਰ ਅਜੇ ।



Digitized by Panjab Digital Library | www.panjabdigilib.org

ਗੀਤ ਬੇਹੋਸ਼ ਅਜੇ, ਸਾਜ਼ ਹੈ ਬੇਤਾਰ ਅਜੇ;
ਇਕ ਜ਼ੱਰੇ ਤੇ ਉਮਰ-ਫ਼ਲਸਫ਼ਾ ਬੇਕਾਰ ਅਜੇ;
ਤੇਰਾ ਪਹਿਲੂ ਵੀ ਕੋਈ ਹੋਇਆ ਨਾ ਬੇਦਾਰ ਅਜੇ ।

ਤਾਂਡਵ-ਅਸਥਲ 'ਚ ਨਹੀਂ ਉਠਿਆ ਕੋਈ ਸ਼ੋਰ ਅਜੇ,
ਨਾਚ ਨੂੰ ਤਰਸਦਾ ਮਰ ਜਾਂਦਾ ਏ ਦਿਲ-ਮੋਰ ਅਜੇ ।
ਹੁਸਨ-ਪੰਛੀ ਦਾ ਜਕੜ-ਬੰਦ ਹੈ ਜਗ-ਡੋਰ ਅਜੇ;
ਵਕਤ-ਪਹੀਏ ਦੀ ਨਹੀਂ ਬਦਲੀ ਕੋਈ ਤੋਰ ਅਜੇ;
ਤੇਰੇ ਚਮਕਣ ਦੀ ਜ਼ਰੂਰਤ ਹੈ ਬੜੀ ਹੋਰ ਅਜੇ ।

ਆਦਮੀ ਤੋਂ ਹੈ ਮਨੁੱਖਤਾਈ ਬੜੀ ਦੂਰ ਅਜੇ;
ਅੱਖ-ਵਿਗਿਆਨ 'ਚ ਜਚਿਆ ਹੀ ਨਹੀਂ ਨੂਰ ਅਜੇ ।
ਇਕ ਰੋਜ਼ੀ ਤੋਂ ਨੇ ਅੰਦਰ ਕਈ ਘਮਸਾਣ ਅਜੇ;
ਚੀਖ਼ਦਾ ਰੋਜ਼ ਕਵੀ ਉਲਟਦਾ ਅਸਮਾਨ ਅਜੇ ।
ਧੂਮਕੇਤੂ, ਤੂੰ ਵਿਖਾ ਹੋਰ ਜ਼ਰਾ ਸ਼ਾਨ ਅਜੇ !



Digitized by Panjab Digital Library | www.panjabdigilib.org

# ਉਸਤਾਦ

ਨਰਬਦਾ ਪ੍ਰਸ਼ਾਦ ਆਸੀ ਗਿਆਵੀ ਹਿੰਦੁਸਤਾਨ ਦੇ ਹੋਣਹਾਰ ਸਾਹਿਤਕਾਰ ਹੋਏ ਹਨ। ਆਪ ਪ੍ਰਸਿਧ ਨਾਟਕ-ਕਾਰ ਦੇ ਇਲਾਵਾ ਉਘੇ ਕਵੀ ਵੀ ਸਨ। 'ਮਾਇਆ ਮਛੰਦਰ' ਤੇ 'ਜਲਤੀ ਨਿਸ਼ਾਨੀ' ਆਪ ਦੇ ਦੋ ਪ੍ਰਸਿਧ ਡਰਾਮੇ ਹਿੰਦੁਸਤਾਨ ਭਰ ਵਿਚ ਸਤਿਕਾਰੇ ਜਾਂਦੇ ਹਨ। ਇਸ ਨੌਜਵਾਨ ਦੀ ਯਾਦ ਵਿਚ, ਉਸ ਦੀ ਇਕ ਕਵਿਤਾ ਦੀਆਂ ਕੁਝ ਤੁਕਾਂ ਦ ਅਧਾਰ ਤੇ, ਇਹ ਕਵਿਤਾ ਲਿਖੀ ਗਈ ਹੈ।

ਰੋਜ਼ ਸਿਖਦੀ ਏ ਮੇਰੇ ਤੋਂ ਗੀਤ ਉਹ,
ਰਾਗ ਉਹ,
ਸਾਜ਼ ਉਹ,
ਹੁਣ ਪਈ ਏ ਜਾਗ ਉਹ,
ਹੁਣ ਕਰੇਗੀ ਪ੍ਰੀਤ ਉਹ;
ਰੋਜ਼ ਸਿਖਦੀ ਏ ਮੇਰੇ ਤੋਂ ਗੀਤ ਉਹ।
ਸਾਜ਼ ਲੈ ਕੇ ਹੁਣ ਜਦੋਂ ਗਾਉਂਦੀ ਏ ਉਹ,



Digitized by Panjab Digital Library | www.panjabdigilib.org

ਮੇਰੇ ਹੀ ਜਾਦੂ ਤੋਂ ਮੇਰੇ ਦਿਲ ਨੂੰ ਤੜਪਾਉਂਦੀ ਏ ਉਹ !
ਬਿਜਲੀਆਂ ਦਾ ਇਕ ਤੂਫ਼ਾਨ
ਆਪਣੀ ਮਿੱਠੀ ਸੁਰ ਦੇ ਨਾਲ
ਲੈ ਕੇ ਮੇਰੇ ਖ਼ੂਨ ਵਿਚ ਆਉਂਦੀ ਏ ਉਹ !

ਸਬਕ ਵੇਲੇ ਸ਼ਰਮ ਜਾਂਦੀ ਏ ਜਦੋਂ,
ਝੁਕ ਜਾਂਦੀ ਏ ਜਦੋਂ,
ਨੀਵੀਆਂ ਨਜ਼ਰਾਂ ਦੇ ਨਾਲ
ਮੇਰੀ ਹਾਂ ਵਿਚ ਹਾਂ ਮਿਲਾਉਂਦੀ ਏ ਜਦੋਂ,
ਮੇਰੀਆਂ ਉਂਗਲਾਂ 'ਚੋਂ ਗੋਰੇ ਹੱਥ ਬਚਾਉਂਦੀ ਏ ਜਦੋਂ,
ਓਸ ਵੇਲੇ ਹੋਰ ਵੀ ਲਗਦੀ ਏ ਪਿਆਰੀ, ਹੋਰ ਵੀ !

ਸਬਕ ਵੇਲੇ ਸਬਕ ਦੀ ਪਰਵਾਹ ਨਹੀਂ !
ਵੇਖਦਾ ਹਾਂ ਉਸ ਦੇ ਵਾਲ
ਜੋ ਸਵਾਰੇ ਨੇ ਹੁਣੇ,
ਉੱਚੇ ਉੱਚੇ, ਸਿੱਧੇ ਸਿੱਧੇ,
ਰੇਸ਼ਮੀ ਬਾਰੀਕ ਵਾਲ ।
ਵੇਖਦਾ ਹਾਂ ਉਸ ਦਾ ਚਿਹਰਾ ਹਰ ਘੜੀ;
ਕਿੰਨੀ ਕੀਮਤ, ਕਿੰਨੀ ਮਿਹਨਤ ਨਾਲ ਖ਼ਬਰੇ ਓਸ ਨੇ



Digitized by Panjab Digital Library | www.panjabdigilib.org

ਨਕਸ਼ ਦੇ ਹੀਰੇ ਤਰਾਸ਼ੇ ਨੇ ਕਮਾਲ !
ਹਲਕਾ ਹਲਕਾ ਰੇਸ਼ਮੀ ਸੁਰਖ਼ੀ ਦਾ ਰੰਗ,
ਇਕ ਬਣੌਟੀ ਤਿਲ ਜਿਹਾ ਠੋਡੀ ਦੇ ਕੋਲ,
ਤੇਜ਼ ਹੈ ਬੁਲ੍ਹਾਂ ਦੀ ਲਾਲੀ ਖ਼ੂਬ ਪਰ
ਜੀ 'ਚ ਆਉਂਦਾ ਹੈ ਕਿ ਗਲ ਲਾਵਾਂ ਹੁਣੇ !
ਪਰ ਹੁਣੇ ਵੇਲਾ ਨਹੀਂ,
ਲੋੜ ਹੈ ਪੰਜ ਦਸ ਮੁਲਾਕਾਤਾਂ ਦੀ ਹੋਰ ।
ਇਹ ਕੋਈ ਮੁਸ਼ਕਲ ਨਹੀਂ;
ਰੋਜ਼ ਸਿਖਦੀ ਏ ਮੇਰੇ ਤੋਂ ਗੀਤ ਉਹ ।

ਦਸ ਰਿਹਾ ਏ ਉਸ ਦਾ ਚਿਹਰਾ ਦਿਲ ਦਾ ਭੇਤ ।
ਅਖ ਮਿਲਦੀ ਏ ਜਦੋਂ
ਨਿੰਮ੍ਹਾ ਨਿੰਮ੍ਹਾ ਮੁਸਕ੍ਰਾ ਦੇਂਦੀ ਏ ਉਹ ।
ਆਸ ਮੇਰੀ ਦਾ ਜਹਾਨ
ਨਜ਼ਰ ਤਿਰਛੀ ਤੋਂ ਵਸਾ ਦੇਂਦੀ ਏ ਉਹ !
ਸਬਕ ਵੇਲੇ ਸਬਕ ਦੀ ਪਰਵਾਹ ਨਹੀਂ ।
ਵੇਖਦਾ ਹਾਂ ਉਸ ਦਾ ਰੰਗ,
ਉਸ ਦਾ ਜਿਸਮ
ਜਿਸ ਤਰ੍ਹਾਂ ਬੋਤਲ 'ਚ ਕੇਸਰ ਦੀ ਸ਼ਰਾਬ !



Digitized by Panjab Digital Library | www.panjabdigilib.org

ਵੇਖਦਾ ਹਾਂ ਨਿਤ ਨਵੇਂ ਕੋਰੇ ਲਬਾਸ
ਜਿਸ ਤਰ੍ਹਾਂ ਬੇਦਾਗ਼ ਤੇ ਸੋਹਣੀ ਹੈ ਉਹ !
ਵੇਖਦਾ ਹਾਂ ਲਿਸ਼ਕਦੇ ਜ਼ੇਵਰ ਕਦੀ
ਜਾਣਗੇ ਜੋ ਉਸ ਦੇ ਨਾਲ ।
ਲੋੜ ਹੈ ਪੰਜ ਦਸ ਮੁਲਕਾਤਾਂ ਦੀ ਹੋਰ,
ਮੰਨ ਜਾਏਗੀ ਜ਼ਰੂਰ ।
ਕਹਿ ਰਹੀ ਏ ਹਰ ਅਦਾ:
ਦੌੜ ਜਾਵਾਂਗੇ ਅਸੀਂ ।
ਮੰਨਦੀ ਏ ਗਲ ਮੇਰੀ ।
ਦਸ ਰਿਹਾ ਹੈ ਉਸ ਦਾ ਚਿਹਰਾ ਦਿਲ ਦਾ ਭੇਤ
ਹੁਣ ਕਰੇਗੀ ਪ੍ਰੀਤ ਉਹ,
ਰੋਜ਼ ਸਿਖਦੀ ਏ ਮੇਰੇ ਤੋਂ ਗੀਤ ਉਹ !



Digitized by Panjab Digital Library | www.panjabdigilib.org

## ਨੌਜਵਾਨ ਨੌਜਵਾਨ ਨੂੰ

ਨਾ ਦੇਖ ਦੇਖ ਕੇ ਡਰ ਰੋਜ਼ ਇਨਕਲਾਬਾਂ ਨੂੰ,
ਕੋਈ ਕੀ ਜਾਣੇ ਸਮੇਂ ਦੇ ਅਚੰਭਾ ਖ਼ਾਬਾਂ ਨੂੰ ?
ਨਾ ਦੇਖ ਦੇਖ ਕੇ ਡਰ ਤੜਪਦੇ ਜਵਾਨਾਂ ਨੂੰ;
ਮਿਟਣ ਦੇ ਮੁਰਦਾ ਸਮਾਜਾਂ ਦੇ ਸਭ ਨਿਸ਼ਾਨਾਂ ਨੂੰ ।
ਵਿਲਕ ਰਹੀ ਏ ਸਰਵ-ਸਾਂਝ ਜ਼ਿੰਦਗੀ ਦੇ ਲਈ;
ਤੜਪ ਰਿਹਾ ਏ ਜ਼ਮਾਨਾ ਵੀ ਆਦਮੀ ਦੇ ਲਈ ।
ਨਿਕਲ ਰਹੀ ਏ ਗ਼ਰੀਬੀ ਜ਼ੁਲਮ ਦੀ ਸਰਦੀ 'ਚੋਂ;
ਖ਼ੁਸ਼ੀ ਨੇ ਰੰਗ ਵਿਖਾਇਆ ਗ਼ਮਾਂ ਦੀ ਜ਼ਰਦੀ 'ਚੋਂ ।
ਬੜੇ ਹਨੇਰ 'ਚੋਂ ਮਿਹਨਤ ਤੁਰੀ ਏ ਮੰਜ਼ਲ ਨੂੰ,
ਜਗਾ ਰਹੀ ਏ ਨਵੀਂ ਆਸ ਹਰ ਦੁਖੇ ਦਿਲ ਨੂੰ ।



Digitized by Panjab Digital Library | www.panjabdigilib.org

ਮੇਰੇ ਕਰਮ ਦੀ ਬਗ਼ਾਵਤ ਨਹੀਂ ਲਹੂ ਦੇ ਲਈ,
ਮੇਰੀ ਆਵਾਜ਼ ਹੈ ਹਰ ਆਤਮਾ ਤੇ ਰੂਹ ਦੇ ਲਈ
ਮੇਰੀ ਇਹ ਤੇਗ਼-ਜਵਾਨੀ ਨਹੀਂ ਕਤਲ ਦੇ ਲਈ;
ਮੇਰਾ ਇਕੱਠ ਨਹੀਂ ਖ਼ੂਨੀਆਂ ਦੇ ਦਲ ਦੇ ਲਈ ।
ਮੇਰੀ ਨਜ਼ਰ 'ਚ ਹੈ ਸੰਸਾਰ ਦਾ ਪਰੀਵਰਤਨ;
ਮੇਰੇ ਖਿਆਲ 'ਚ ਜੀਵਣ ਲਈ ਹੈ ਹਰ ਜੀਵਨ ।
ਅਮਨ ਅਮਾਨ 'ਚ ਚਾਹੁੰਦਾ ਹਾਂ ਯੁਗ ਬਦਲ ਜਾਏ;
ਬਗ਼ੈਰ ਖ਼ੂਨ ਦੇ ਕਤਰੇ ਤੋਂ ਮੁੜ ਬਹਾਰ ਆਏ ।
ਮੈਂ ਛਾਲ ਅਗਨ 'ਚ ਮਾਰਾਂ ਕਿ ਬਾਗ਼ ਬਣ ਜਾਏ;
ਮੇਰੇ ਖਿਆਲ ਦੀ ਮਹਿੰਦੀ ਸੁਹਾਗ ਬਣ ਜਾਏ ।
ਹਮੇਸ਼ ਵਾਸਤੇ ਚਾਹਾਂ ਫ਼ਰੇਬ ਮਰ ਜਾਏ;
ਇਹ ਅਪਣੀ ਅਪਣੀ ਖ਼ੁਸ਼ੀ ਦਾ ਸਮਾਂ ਗੁਜ਼ਰ ਜਾਏ ।

ਫ਼ਰੇਬਕਾਰ ਇਹ ਰਾਜੇ, ਅਮੀਰ ਧਨ ਵਾਲੇ,
ਕਦਮ ਕਦਮ ਮੇਰਾ ਰੋਕਣਗੇ ਇਹ ਯਤਨ ਵਾਲੇ ।
ਨਹੱਥਿਆਂ ਤੇ ਚਲਾਵਣਗੇ ਤੇਜ਼ ਤਲਵਾਰਾਂ;
ਮੇਰੇ ਲਹੂ ਦੀਆਂ ਹਰ ਥਾਂ ਵਗਣਗੀਆਂ ਧਾਰਾਂ ।
ਦਬਾਇਆ ਜਾਏਗਾ ਸਾਨੂੰ, ਮਿਟਾਇਆ ਜਾਏਗਾ,
ਅਸਾਂ ਨੂੰ ਫੇਰ ਵੀ ਖ਼ੂਨੀ ਬਣਾਇਆ ਜਾਏਗਾ ।



Digitized by Panjab Digital Library | www.panjabdigilib.org

ਅਸੀ ਜੋ ਚਾਹੁੰਦੇ ਹਾਂ ਹਰਦਮ ਅਮਨ ਜ਼ਮਾਨੇ ਤੇ,
ਅਸੀਂ ਜੋ ਚਾਹੁੰਦੇ ਹਾਂ ਇਨਸਾਫ਼ ਦਾਣੇ ਦਾਣੇ ਤੇ,
ਹੁਕਮ ਦੀ ਜੀਭ ਤੋਂ ਪਾਪੀ ਬਣਾਇਆ ਜਾਇਗਾ;
ਸਦਾ ਗ਼ਰੀਬ ਨੂੰ ਦੋਸ਼ੀ ਬਣਾਇਆ ਜਾਇਗਾ ।
ਮੇਰੀ ਪੁਕਾਰ ਦੀ ਹਲਚਲ ਮਨੁੱਖਤਾ ਦੇ ਲਈ,
ਮੇਰੀ ਤਲਾਸ਼ ਦਾ ਰੌਲਾ ਵੀ ਹੈ ਦਵਾ ਦੇ ਲਈ ।
ਨਾ ਦੇਖ ਦੇਖ ਕੇ ਡਰ ਮੇਰੇ ਨਾਲ ਆ ਕੇ ਦੇਖ;
ਅਲੋਪ ਸ਼ਕਤੀ ਦਾ ਆਖ਼ਰ ਕਮਾਲ ਆ ਕੇ ਦੇਖ ।
ਨਾ ਦੇਖ ਦੇਖ ਕੇ ਡਰ ਹੁੰਦੇ ਇਨਕਲਾਬਾਂ ਨੂੰ;
ਕੋਈ ਕੀ ਜਾਣੇ ਸਮੇਂ ਦੇ ਅਚੰਭਾ ਖ਼ਾਬਾਂ ਨੂੰ ?



Digitized by Panjab Digital Library | www.panjabdigilib.org

## ਫੈਸਲਾ

ਇਹ ਤੇਰੀ ਉਠਦੀ ਜੁਆਨੀ ਦਾ ਸਿਆਲ
ਮੇਰੀ ਅਗਨੀ ਦੇ ਲਈ ਕਾਫ਼ੀ ਏ ।
ਧੁੱਪ ਇਹ ਤੇਗ਼ ਜਹੀ, ਤੀਰ ਜਹੀ,
ਬਾਦਸ਼ਾਹਾਂ ਦਿਆਂ ਤਾਜਾਂ ਦੀ ਦੁਪਹਿਰ;
ਅੱਗ ਇਹ ਆਲ-ਦੁਆਲੇ ਦੀ ਕਿ ਜਿਸ ਤੋਂ ਹਰਦਮ
ਅੰਗ ਗਲੀ ਜਾਂਦੇ ਨੇ,
ਨੈਣ ਢਲੀ ਜਾਂਦੇ ਨੇ,
ਹੋਰ ਵੀ ਤੇਜ਼ ਹੈ ਖੁਰਦੇ ਹੋਏ ਅੰਗਾਂ ਦੀ ਪਿਆਸ ।
ਏਸ ਤੰਗੀ 'ਚ ਵੀ ਪਰ
ਆਸ ਇਕ ਤੇਰੀਆਂ ਬਾਹਾਂ 'ਚ ਨਜ਼ਰ ਆਉਂਦੀ ਏ ।
ਮੇਰੀ ਅਗਨੀ ਦੇ ਲਈ ਕਾਫ਼ੀ ਏ
ਇਹ ਤੇਰੀ ਉਠਦੀ ਜੁਆਨੀ ਦਾ ਸਿਆਲ ।

ਮੋਮ-ਬੱਤੀ ਏ ਕਿ ਸ਼ੀਸ਼ੇ 'ਚ ਜਗੀ ਜਾਂਦੀ ਏ,



Digitized by Panjab Digital Library | www.panjabdigilib.org

ਕੁਝ ਪਤੰਗੇ ਨੇ ਕਿ ਉਹ ਬਾਹਰ ਮਰੀ ਜਾਂਦੇ ਨੇ,
ਲਾਟ ਦੇ ਕੋਲ ਪਹੁੰਚਦੇ ਵੀ ਨਹੀਂ,
ਇਸ ਤਰ੍ਹਾਂ ਜਜ਼ਬੇ ਮੇਰੇ ਬਾਹਰ ਮਰੀ ਜਾਂਦੇ ਨੇ
ਮਖ਼ਮਲੀ ਸੀਨੇ ਦੀ ਜੋਤੀ ਤੇ ਨਾ ਜਾਏ ਕੋਈ,
ਇਕ ਚਾਂਦੀ ਦਾ ਹੈ ਸ਼ੀਸ਼ਾ ਜਿਸ ਨੇ
ਰੋਕ ਲੀਤਾ ਏ ਪਤੰਗੇ ਨੂੰ ਤੜਪਦੀ ਲੋ ਤੋਂ ।
ਲੋ ਵੀ ਰੋਂਦੀ ਏ, ਪਤੰਗਾ ਵੀ ਪਿਆ ਰੋਂਦਾ ਏ;
ਜ਼ੋਰ ਦੋਹਾਂ ਦੇ ਤੋਂ ਸ਼ੀਸ਼ਾ ਅਜੇ ਟੁਟਦਾ ਵੀ ਨਹੀਂ,
ਅਜੇ ਹਟਦਾ ਵੀ ਨਹੀਂ ।
ਮੋਮ-ਬੱਤੀ ਏ ਵਿਚਾਰੀ ਕਿ ਪਿਘਲ ਜਾਏਗੀ;
ਫੈਸਲੇ ਦੀ ਇਹ ਘੜੀ ਆਪ ਹੀ ਟਲ ਜਾਏਗੀ ।

ਕੀ ਤੇਰੀ ਉਠਦੀ ਜੁਆਨੀ ਦਾ ਸਿਆਲ ?
ਜ਼ਿੰਦਗੀ ਐਸ਼ ਨਹੀਂ, ਰੋਸ ਨਹੀਂ ।
ਦੇਸ ਦੇ ਖ਼ੂਨ 'ਚ ਬੇਦਾਰੀ ਏ;
ਬੁਝ ਰਹੀ ਕੌਮ ਦੇ ਜਾਗੇ ਨੇ ਖ਼ਿਆਲ ।
ਤੇਜ਼ ਛੈਣੀ ਕੋਈ ਕੜੀਆਂ ਤੇ ਧਰੀ ਜਾਂਦਾ ਏ ।
'ਗ਼ੈਰ' ਦੇ ਹਥ ਦੀ ਉਨਤੀ ਦਾ ਅਨੋਖਾ ਜੰਜਾਲ,
ਪੂਰਬ ਦੇ ਕਿਸੇ ਕੋਨੇ ਤੋਂ,



Digitized by Panjab Digital Library | www.panjabdigilib.org

ਹਿੰਮਤੀ ਕੋਈ ਕੁਤਰਦਾ ਏ ਪਿਆ ।
ਹੌਸਲੇ ਫੇਰ ਜਵਾਨਾਂ ਦੇ ਕਿਤੇ
ਨੀਂਹ ਨਵੇਂ ਮਹਿਲ ਦੀ ਰਖਦੇ ਨੇ ਪਏ ।
ਕਿਉਂ ਨਾ ਇਸ ਕਾਰ 'ਚ ਕੁਝ ਕ੍ਹਾਰ ਕਰਾਂ ?
ਜ਼ਿੰਦਗਾਨੀ ਏ ਸਦਾ ਬਣਦੀ ਇਮਾਰਤ ਐਸੀ
ਅਰਸ਼ ਤੋਂ ਪਾਰ ਵੀ ਜਾ ਕੇ ਜੋ ਅਧੂਰੀ ਹੀ ਰਹੇ ।
ਜ਼ਿੰਦਗੀ ਐਸ਼ ਨਹੀਂ, ਰੋਸ ਨਹੀਂ ।

ਫੈਸਲਾ ਇਹ ਵੀ ਨਹੀਂ ਮੇਰੀ ਨਫਸ ਨੂੰ ਮਨਜ਼ੂਰ ।



Digitized by Panjab Digital Library | www.panjabdigilib.org

# ਆਇਨ ਸਟਾਈਨ

ਆਇਨ ਸਟਾਈਨ ਆਧੁਨਿਕ ਜਰਮਨੀ ਦਾ ਸਭ ਤੋਂ ਵੱਡਾ ਸਾਇੰਸਦਾਨ ਤੇ ਫਿਲਾਸਫਰ ਮੰਨਿਆ ਜਾਂਦਾ ਹੈ। ਆਪਣੀਆਂ ਵਿਗਿਆਨਕ ਖੋਜਾਂ ਤੇ ਫਲਸਫੇ ਦੇ ਸਿੱਟਿਆਂ ਨੂੰ ਸੰਸਾਰ ਦੇ ਫਾਇਦੇ ਲਈ ਵਰਤੇ ਜਾਣ ਦੇ ਉਹ ਹੱਕ ਵਿੱਚ ਸੀ। ਸਰਬ-ਸਾਂਝ ਦੇ ਹੱਕ ਵਿੱਚ ਤੇ ਜੰਗਾਂ ਦੇ ਵਿਰੁਧ ਉਸ ਨੇ ਆਵਾਜ਼ ਉਠਾਈ। ਨਾਜ਼ੀ ਵਿਚਾਰ ਇਸ ਨਾਲ ਟਕਰਾਉਂਦੇ ਸਨ। ਇਸ ਲਈ ਉਸ ਨੂੰ ਦੇਸ ਛਡ ਕੇ ਅਮ੍ਰੀਕਾ ਜਾਣਾ ਪਿਆ।

ਜਰਮਨੀ, ਹੇ ਜਰਮਨੀ, ਜਾਂਦਾ ਹਾਂ ਮੈਂ ;
ਤੇਰੇ ਰਾਹ ਤੋਂ ਆਪਣੇ ਰਾਹ ਜਾਂਦਾ ਹਾਂ ਮੈਂ।
ਜੋ ਮੇਰੀ ਮਿਹਨਤ ਨੇ ਕੀਤਾ ਸੀ ਤਿਆਰ
ਸਾਰੀ ਦੁਨੀਆ ਦੇ ਲਈ
ਬੰਦ ਉਹ ਰਸਤਾ ਏ ਹੁਣ ਮੇਰੇ ਲਈ !
ਇਸ ਕਾਰਾਗਾਰ 'ਚੋਂ ਜਾਂਦਾ ਹਾਂ ਮੈਂ।



Digitized by Panjab Digital Library | www.panjabdigilib.org

ਨਾਜ਼ੀਆਂ ਦੀ ਚਾਰ-ਦੀਵਾਰੀ ਲਈ
ਮੇਰੇ ਤਜਰਬੇ, ਇਲਮ ਮੇਰਾ ਨਹੀਂ ।
ਮੈਂ ਨਹੀਂ ਰਖਦਾ ਕੋਈ ਕੰਜੂਸ ਦਿਲ,
ਮੈਂ ਨਹੀਂ ਰਖਦਾ ਕੋਈ ਮੁਰਦਾ ਦਿਮਾਗ਼;
ਜਾਲ ਤੋਂ ਆਜ਼ਾਦ ਰਖਦਾ ਹਾਂ ਜ਼ਮੀਰ,
ਕੌਮ ਦਾ ਇਹ ਜਾਲ,
ਜਾਂ ਮੁਲਕਾਂ ਦਾ ਜਾਲ ।
ਰੋਹਬ ਦੇ ਸਾਇਆਂ 'ਚ ਰਹਿ ਸਕਦੇ ਨਹੀਂ ਮੇਰੇ ਖਿਆਲ ।
ਇਲਮ ਮੇਰਾ ਸਾਰੀ ਦੁਨੀਆ ਦੇ ਲਈ,
ਅਸਲੀਅਤ ਬਦਲੇ, ਸਚਾਈ ਦੇ ਲਈ ।
ਜਰਮਨੀ, ਹੇ ਜਰਮਨੀ, ਜਾਂਦਾ ਹਾਂ ਮੈਂ ! 21.1.66

ਹਕ਼ ਦੇ ਸੀਨੇ ਤੇ ਨਚਦੇ ਨੇ ਫ਼ਰੇਬ
ਸੈਂਕੜੇ ਖੰਜਰ ਲਈ,
ਪੱਥਰਾਂ ਤੇ ਪੈ ਰਿਹਾ ਏ ਗਰਮ ਖ਼ੂਨ
ਉਸ ਤੇ ਨਾ ਕੁਝ ਅਸਰ ਨਾ ਕੁਝ ਇਸ ਦਾ ਫਲ ।
ਰਾਖ ਵਿਚ ਇਨਸਾਫ਼ ਹੈ ਰੁਲਦਾ ਪਿਆ
ਫੌਜੀਆਂ ਦੇ ਬੂਟ ਤੇ ਬੂਟਾਂ ਦਾ ਸ਼ੋਰ
ਦਬ ਰਿਹਾ ਹੈ ਉਸ ਦੀ ਹਰ ਇਕ ਚੀਖ ਨੂੰ !



Digitized by Panjab Digital Library | www.panjabdigilib.org

ਕਹਿਣ ਦੀ ਜਿਸ ਥਾਂ ਅਜ਼ਾਦੀ ਤਕ ਨਹੀਂ
ਕਲਮ ਦਾ ਸਿਰ-ਕਲਮ ਹੈ ਜਿਸ ਥਾਂ ਹੁਕਮ ;
ਫੇਰ ਹੈ ਜਿਸ ਦਾ ਕਾਨੂਨ
ਅਪਣੀ ਮਰਜ਼ੀ ,
ਅਪਣੀ ਤਾਕਤ ,
ਅਪਣੀ ਤੇਗ਼ ;
ਸੈਂਕੜੇ ਜੀਵਨ-ਕਲਾਕਾਰਾਂ ਦੀ ਮੌਤ
ਖੇਡ ਹੈ ਜਿਸ ਦੇਸ ਵਿਚ ,
ਉਸ 'ਚ ਰਹਿਣਾ ਹੈ ਹਰਾਮ ,
ਚਾਹੇ ਉਹ ਹੋਏ ਮੁਲਕ ਅਪਣਾ ਵਤਨ ।
ਲਾਹਨਤ ਇਸ ਆਪਣੀ ਹਕੂਮਤ ਨੂੰ ਹਜ਼ਾਰ !
ਜਿਸ 'ਚ ਮੇਰੀ ਗੱਲ ਸੁਣ ਸਕਦੇ ਨਹੀਂ
ਜਾ ਰਿਹਾ ਹਾਂ ਉਸ ਸੁਨਹਿਰੀ ਗੁੰਝਲਾਂ ਦੇ ਦੇਸ 'ਚੋਂ ।
ਜਰਮਨੀ, ਹੇ ਜਰਮਨੀ, ਜਾਂਦਾ ਹਾਂ ਮੈਂ ।

ਹੁਨਰ ਹੈ ਮੇਰਾ ਵਿਕਾਸ ,
ਕਰਮ ਹੈ ਮੇਰਾ ਵਿਕਾਸ ;
ਜੰਗ ਤੋਂ ਪਰ ਹੋ ਨਹੀਂ ਸਕਦੀ ਕਦੀ
ਪੂਰੀ ਇਹ ਆਸ !



Digitized by Panjab Digital Library | www.panjabdigilib.org

ਜੰਗ ਦੁਨੀਆ ਦੀ ਤਬਾਹੀ ਦੇ ਲਈ;
ਫ਼ਲਸਫ਼ਾ ਮੇਰਾ ਹੈ ਪਰ
ਸਾਰੇ ਆਲਮ ਦੀ ਰਿਹਾਈ ਦੇ ਲਈ ।
ਹੁਣ ਮੈਂ ਰਹਿ ਸਕਦਾ ਨਹੀਂ
ਆਤਮਾ ਦੀ ਮੌਤ ਦੇ ਬਾਜ਼ਾਰ ਵਿਚ ;
ਕੀ ਹਕੂਮਤ ਅਪਣੀ, ਅਪਣੇ ਦੇਸ ਦੀ ?
ਇਸ ਤੋਂ ਬਿਹਤਰ ਜ਼ਿੰਦਗੀ ਪਰਦੇਸ ਦੀ ।
ਜਰਮਨੀ, ਹੇ ਜਰਮਨੀ, ਜਾਂਦਾ ਹਾਂ ਮੈਂ !
ਤੇਰੇ ਰਾਹ ਤੋਂ ਅਪਣੇ ਰਾਹ ਜਾਂਦਾ ਹਾਂ ਮੈਂ !



Digitized by Panjab Digital Library | www.panjabdigilib.org

## ਲਖਸ਼

ਅੰਦਰ ਹੀ ਅੰਦਰ ਕਈ ਜੀਵਨ
ਮਿਟਦੇ ਬਣਦੇ ਜਾਵਣ,
ਅੰਦਰ ਹੀ ਅੰਦਰ ਕੁਝ ਸੋਮੇਂ
ਸਾਗਰ ਹੋਰ ਬਣਾਵਣ ।
ਸੀਨੇ 'ਚੋਂ ਇਕ ਲਾਟ ਨਿਕਲ ਕੇ
ਬ੍ਰਹਿਮੰਡ ਨਾਪਣ ਜਾਏ,
ਸੁੰਨਤਾਈ ਦੀ ਇਕ ਇਕ ਤਹਿ ਨੂੰ
ਉਲਟਾਏ ਪਲਟਾਏ ।
ਤਾਰਾ-ਗਣ ਵਿਚ ਨਾਚ ਕਰਾਂ ਜਾ
ਲੈ ਅਪਣਾ ਇਕਤਾਰਾ,
ਅੰਤ ਸੁਰਾਂ ਵਿੱਚ ਜਾਗ ਪਵੇ ਇਕ
ਪਰਲੋ-ਮਥਨ ਖਿਲਾਰਾ ।



Digitized by Panjab Digital Library | www.panjabdigilib.org

ਲਖਸ਼ ਲਈ ਅਰਸ਼ਾਂ ਦੇ ਬੂਹੇ
ਤੋੜ ਤੋੜ ਲੰਘ ਜਾਵਾਂ ;
ਧੁਰ-ਦਰਗਾਹ-ਖੰਡਰ ਤੇ ਅਪਣਾ
ਤਾਂਡਵ-ਨਾਚ ਵਿਖਾਵਾਂ ।
ਘੋਰ ਨਰਕ ਦਾ ਅਗਨੀ-ਸਾਗਰ
ਪੀ ਜਾਵਾਂ ਇਕ ਸਾਹੇ ;
ਨਜ਼ਰ ਮੇਰੀ ਦੀ ਹਰਕਤ
ਤੀਖਣ ਬਿਜਲੀ ਨੂੰ ਤੜਪਾਏ ।
ਬਾਲ ਦਿਆਂ ਕੋਨੇ ਕੋਨੇ ਵਿੱਚ
ਪਦਮ ਸੁਹਾਗ-ਚਿਤਾਵਾਂ,
ਲਖ ਸੜਦੇ ਤੂਫ਼ਾਨਾਂ ਦੇ ਮੂੰਹ
ਹੋਵਣ ਠੰਡੀਆਂ ਛਾਵਾਂ ।
ਕੰਬਣੀਆਂ ਦੇ ਹੜ ਲੈ ਦੌੜਾਂ,
ਭੁਚਾਲਾਂ ਦੀ ਧੜਕਣ ;
ਇੱਕ ਇੱਕ ਸਾਹ ਮੇਰੇ ਤੋਂ ਜਗ ਦੇ
ਟਾਹਣ-ਹਿਮਾਲਾ ਕੜਕਣ ।
ਨੈਣਾਂ ਦੇ ਪਾਣੀ ਵਿਚ ਡੋਬਾਂ
ਉਜਲੇ ਉਜਲੇ ਤਾਰੇ ;
ਧਰਤ ਅਕਾਸ਼ ਦਾ ਨਕਸ਼ ਮਿਟਾਵਣ



Digitized by Panjab Digital Library | www.panjabdigilib.org

ਦਿਲ ਸ਼ਕਤੀ ਦੇ ਧਾਰੇ ।
ਸੁਪਨੇ ਅਪਣੇ ਰੱਖ ਤਲੀ ਤੇ
ਚੁੱਪਤਾ ਨੂੰ ਪੀ ਜਾਵਾਂ,
ਅਪਣੇ ਹੀ ਨਾਚਾਂ ਵਿਚ ਉਸ ਦੀ
ਹੋਣੀ ਤੇ ਜੀ ਜਾਵਾਂ ।
ਲਖਸ਼ ਲਈ ਸੰਗਲਾਖ ਸਮੇਂ ਦੇ
ਫੂਕਾਂ ਨਾਲ ਉਡਾਵਾਂ;
ਪਰੀਵਰਤਨ ਦੇ ਸ਼ੌਲ੍ਹੇ ਲੈ ਕੇ
ਵਾਯੂ-ਤੁਰਮ ਵਜਾਵਾਂ ।
ਪਤੀਆਂ 'ਚੋਂ ਲੱਖ ਅੰਬਰ ਡੇਗਾਂ,
ਸ਼ਾਖੋਂ ਖੂਨ ਫਵਾਰੇ;
ਧਰਤੀ ਦੀ ਭੁੱਬਲ ਜਾ ਸਾੜੇ
ਸੂਰਜ ਰੂਪ ਕਿਆਰੇ ।
ਜਦ ਲੈ ਜਾਏ ਕੁੰਡ-ਬਲੀ ਵਲ
ਸਿਰ ਅਪਣਾ ਦੀਵਾਨਾ,
ਉਸ ਦੀ ਠੋਕਰ ਤੇ ਆ ਲੇਟੇ
ਉਸ ਦਾ ਗੁੰਮ ਨਿਸ਼ਾਨਾ ।
ਤਸਵੀਰਾਂ ਦੀ ਦੁਨੀਆ ਅੰਦਰ
ਕੀ ਅਰਮਾਨ ਨਿਕਲਣਾ ?



Digitized by Panjab Digital Library | www.panjabdigilib.org

ਲੱਕੜ ਦੀ ਕੁਠਿਆਲੀ ਦੇ ਵਿਚ
ਦਿਲ ਸੋਨਾ ਕੀ ਢਲਣਾ ?
ਕਵਿਤਾ ਵਿਚ ਆਰਾਮ ਕਰੇ ਕੀ
ਮੇਰੀ ਤਲਖ ਜਵਾਨੀ ?
ਇਹ ਬੂਟਾ ਬਸ ਲੋਚ ਰਿਹਾ ਹੈ
ਤਲਵਾਰਾਂ ਦਾ ਪਾਣੀ ।
ਇਸ ਦੁਨੀਆ ਨੇ ਖ਼ੂਬ ਉਡਾਇਆ
ਅਸਲੀਅਤ ਦਾ ਹਾਸਾ ;
ਲਖਸ਼ ਲਈ ਹੁਣ ਮੈਂ ਉਲਟਾਂਗਾ
ਪਰਕਿਰਤੀ ਦਾ ਪਾਸਾ ।



Digitized by Panjab Digital Library | www.panjabdigilib.org

## ਝੂਠ

ਰੋਜ਼ ਆਇਆ ਕਰ ਮੇਰੀ ਹੱਟੀ ਤੇ ਤੂੰ
ਹਰ ਸਵੇਰੇ ਜਿਸ ਤਰ੍ਹਾਂ
ਆ ਕੇ ਚਮਕਾਉਂਦਾ ਏ ਸੂਰਜ ਸ਼ੀਸ਼ਿਆਂ ਦੀ ਜ਼ਿੰਦਗੀ
ਸਾਡੇ ਸ਼ੋ-ਕੇਸਾਂ ਤੇ ਜੋ ਹਨ ਸਾਇਆਦਾਰ;
ਚਮਕਦੀ ਏ ਚੀਜ਼ ਹਰ ਇਕ ਧੁੱਪ ਤੋਂ
ਜਿਸ ਤਰ੍ਹਾਂ ਸੋਨੇ ਦੇ ਜ਼ੇਵਰ ਹੋ ਕੇ ਆਏ ਨੇ ਜਿਲ੍ਹਾ।
ਚਮਕ ਜਾਏ ਗ਼ਮ ਮੇਰਾ,
ਲਿਸ਼ਕ ਜਾਏ ਨਫਸ ਮੇਰੀ ਦੀ ਦੁਕਾਨ,
ਤੂੰ ਵੀ ਸੂਰਜ ਦੀ ਤਰ੍ਹਾਂ ਪਰ ਸ਼ਾਮ ਨੂੰ,
ਰੋਜ਼ ਆਇਆ ਕਰ ਮੇਰੀ ਹੱਟੀ ਤੇ ਤੂੰ!

ਰੋਜ਼ ਹੀ ਦੇਖਾਂਗੇ ਰਸਤੇ ਦਾ ਪਹਾੜ
ਉੱਡ ਵੀ ਸਕਦਾ ਏ ਫੂਕਾਂ ਨਾਲ ਕੀ?
ਝਾਕਦਾ ਏ ਜੋ ਸਵੇਰਾ ਜ਼ਿੰਦਗੀ ਦੀ ਰਾਤ 'ਚੋਂ
ਕਿਸ ਤਰ੍ਹਾਂ ਆਏਗਾ ਉਹ?
ਰੋਕਦੇ ਨੇ ਉਸ ਨੂੰ ਜੋ ਸਾਏ ਜਹੇ



Digitized by Panjab Digital Library | www.panjabdigilib.org

ਉਹ ਹਟਣਗੇ ਕਿਸ ਤਰ੍ਹਾਂ ?
ਇਹ ਸਿਰਾਂ ਤੇ ਦੂਸਰੀ ਦੁਨੀਆ ਦਾ ਭਾਰ,
ਝੁੱਰੀਆਂ ਦਾ ਭਾਰ, ਕੁਝ ਹੱਡੀਆਂ ਦਾ ਭਾਰ,
ਹੈ ਜਵਾਨਾਂ ਦੇ ਸਿਰਾਂ ਤੇ ਕਿਸ ਲਈ ?
ਕੁਝ ਨਾ ਕੁਝ ਹੋਵੇਗਾ ਹੌਲਾ ਭਾਰ ਇਹ
ਤੇਰੀਆਂ ਗੱਲਾਂ ਦੇ ਨਾਲ –
ਰੋਜ਼ ਆਇਆ ਕਰ ਮੇਰੀ ਹੱਟੀ ਤੇ ਤੂੰ !

ਬਾਗ਼ ਵਿਚ ਜਦ ਤਕ ਹੈ ਸਾਇਆ ਗ਼ੈਰ ਦਾ,
ਜਾਲ ਮਿਟਿਆਲੇ ਵਿਛੇ ਨੇ ਫ਼ਰਸ਼ ਤੇ,
ਜੰਗ ਦੇ ਧੂੰਏਂ ਤੋਂ ਬੱਦਲ ਅਰਸ਼ ਤੇ;
ਫੇਰ ਜਦ ਤਕ ਹਾਂ ਅਸੀ ਬੇਰੂਹ ਜਹੇ,
ਖੁਲ੍ਹ ਕੇ ਇਕ ਗੀਤ ਗਾ ਸਕਦੇ ਨਹੀਂ;
ਕਿਧਰੇ ਜਾ ਸਕਦੇ ਨਹੀਂ,
ਲੈਣ ਸੌਦਾ ਤੇ ਕਦੀ ਮੋੜਨ ਕਦੀ,
ਮੁੜ ਕੇ ਜਿੱਦਾਂ ਫੇਰ ਆ ਜਾਂਦੀ ਹੈ ਲਹਿਰ,
ਰੋਜ਼ ਆਇਆ ਕਰ ਮੇਰੀ ਹੱਟੀ ਤੇ ਤੂੰ !

ਜਾਣਦਾ ਹਾਂ ਮੈਂ ਤੇਰੇ ਸੀਨੇ ਦਾ ਦਰਦ



Digitized by Panjab Digital Library | www.panjabdigilib.org

ਜੋ ਬਜ਼ੁਰਗਾਂ ਦੇ ਲਈ ਕੁਝ ਵੀ ਨਹੀਂ ;
ਇਕ ਬਦੀ ਤੇ ਇਕ ਸ਼ਤਾਨੀ ਤੋਂ ਸਿਵਾ
ਸਾਫ਼ ਕਹਿਣਾ ਜ਼ੁਲਮ ਹੈ ਇਸ ਦੇਸ ਵਿਚ ।
ਝੂਠ ਤੇ ਸਾਡੀ ਇਮਾਰਤ ਹੈ ਖੜੀ,
ਕੂੜ ਹੀ ਤੇ ਖੁਸ਼ ਰਹੇ ਸਾਡਾ ਸਮਾਜ,
ਝੂਠ ਹੀ ਤੇ ਖੁਸ਼ ਹੈ ਸਾਡੇ ਤੇ ਧਰਮ ;
ਅਜ ਬਹਾਨੇਬਾਜ਼ ਹੀ ਬੇਟੀ ਹੈ ਠੀਕ,
ਅੱਜ ਧੋਖੇਬਾਜ਼ ਪੁੱਤਰ ਧਰਮ-ਰਾਜ !
ਸੱਚ ਕਹਿ ਕੇ ਘਰ ਤੋਂ ਆ ਸਕਦੀ ਨਹੀਂ ;
ਨਿਤ ਨਵਾਂ ਕੋਈ ਬਹਾਨਾ ਸੋਚ ਤੂੰ –
ਹੈ ਬਹਾਨਾ ਹੀ ਮਿਲਾਪ –
ਝੂਠ ਤੇ ਹੀ ਜਦ ਕਿ ਹੈ ਘਰ ਬਾਰ ਖੁਸ਼,
ਬੋਲਿਆ ਜਾਏ ਨਾ ਕਿਉਂ ?–
ਲੈਣ ਸੌਦਾ ਤੇ ਕਦੀ ਬਦਲਣ ਕਦੀ
ਰੋਜ਼ ਆਇਆ ਕਰ ਮੇਰੀ ਹੱਟੀ ਤੇ ਤੂੰ !

ਝੁੱਰੀਆਂ ਦਾ ਭਾਰ ਕੁਝ ਹੱਡੀਆਂ ਦਾ ਭਾਰ,
ਦੂਸਰੀ ਦੁਨੀਆ ਦਾ ਭਾਰ
ਸਿਰ ਤੋਂ ਜੋ ਸਾਡੇ ਅਜੇ ਡਿਗਦਾ ਨਹੀਂ,



Digitized by Panjab Digital Library | www.panjabdigilib.org

ਅਪਣੇ ਦਿਲ ਦਾ ਭਾਰ ਹੌਲਾ ਹੀ ਸਹੀ ।
ਹਰ ਸਵੇਰੇ ਜਿਸ ਤਰ੍ਹਾਂ
ਆ ਕੇ ਚਮਕਾਉਂਦਾ ਏ ਸੂਰਜ ਦੇਵ ਹੱਟੀ ਨੂੰ ਮੇਰੀ–
ਚਮਕ ਜਾਏ ਗ਼ਮ ਮੇਰਾ,
ਲਿਸ਼ਕ ਜਾਏ ਨਫਸ ਮੇਰੀ ਦੀ ਦੁਕਾਨ –
ਤੂੰ ਵੀ ਸੂਰਜ ਦੀ ਤਰ੍ਹਾਂ ਪਰ ਸ਼ਾਮ ਨੂੰ
ਰੋਜ਼ ਆਇਆ ਕਰ ਮੇਰੀ ਹੱਟੀ ਤੇ ਤੂੰ !



Digitized by Panjab Digital Library | www.panjabdigilib.org

DEPARTMENT OF LANGUAGES PUNJAB, PATIALA

## ਅਨੋਖਾ ਖ਼ੁਦਾ

ਪੀ ਪੀ ਕੇ ਰੋਜ਼ ਖ਼ੂਨ ਪਿਆਸਾ ਰਿਹਾ ਅਜੇ
ਮਹਿੰਗਾ ਸਤਾਰਿਆਂ ਤੋਂ ਵੀ ਇਨਸਾਨ ਦਾ ਲਹੂ !
ਹੋਈ ਕਬੂਲ ਕੋਈ ਨਾ ਇਨਸਾਨ ਦੀ ਆਵਾਜ਼ !
ਉਹੋ ਨਰਕ ਰਿਹਾ ;
ਬੇੜਾ ਮਨੁੱਖਤਾ ਦਾ ਗ਼ਰਕ ਸੀ, ਗ਼ਰਕ ਰਿਹਾ ।
ਕੋਈ ਆਸਰਾ ਨਹੀਂ ;



Digitized by Panjab Digital Library | www.panjabdigilib.org

## ਖ਼ਲਕਤ ਦਾ ਦੁਖ ਹਰਨ ਨੂੰ ਕੋਈ ਵੀ ਖ਼ੁਦਾ ਨਹੀਂ !

ਸਦੀਆਂ ਤੋਂ ਬਾਦ ਅੱਜ ਵੀ ਬੰਦਾ ਏ ਜਾਨਵਰ !
ਖ਼ਲਕਤ ਦਾ ਲਾਲ ਸਾਫ਼ ਲਹੂ ਹੁਣ ਵੀ ਰਾਤ ਦਿਨ
ਪੀਂਦਾ ਏ ਪਰ ਪਿਆਸਾ ਏ ਸੋਨੇ ਦਾ ਇਹ ਖ਼ੁਦਾ !
ਖਪ੍ਰਰ ਪੁਜਾਰੀਆਂ ਦੇ ਨਕੋਨਕ ਭਰੇ ਪਏ,
ਚੜ੍ਹਦੀ ਏ ਰੋਜ਼ ਭੇਟ ਜੁਆਨੀ ਦੀ ਪੈਰ ਤੇ,
ਕੁਰਬਾਨ ਰੋਜ਼ ਹੁੰਦਾ ਏ ਔਰਤ ਦਾ ਜਿਸਮ ਵੀ,
ਰਖਦਾ ਏ ਬੁਲ੍ਹ ਖ਼ੁਸ਼ਕ ਹੀ ਇਹ ਚਮਕਦਾ ਖ਼ੁਦਾ !
ਸਦੀਆਂ ਤੋਂ ਬਾਦ ਕੋਈ ਤਰੱਕੀ ਨਹੀਂ ਅਜੇ ।
ਬਾਹਰ ਦਾ ਇਹ ਵਿਕਾਸ ਵੀ ਖ਼ਲਕਤ ਲਈ ਨਹੀਂ ;
ਇਸ ਤੋਂ ਵਧੀ ਏ ਹੋਰ ਵੀ ਤੰਗੀ ਜਹਾਨ ਦੀ ।

ਇਹ ਈਸ਼ਵਰ ਪਖੰਡ ਤੇ ਕੁਰਬਾਨੀਆਂ ਪਖੰਡ !
ਹੈ ਆਦਮੀ ਦਾ ਅਸਲ 'ਚ ਦਾਰੂ ਹੀ ਆਦਮੀ ।
ਸਭ ਦੇਵਤੇ ਫਰੇਬ ਨੇ ਇਕ ਅਮਨ ਤੋਂ ਬਿਨਾਂ ।
ਤਲਵਾਰ ਦਾ ਹੀ ਰਾਜ ਹੈ ਜਦ ਤਕ ਜਹਾਨ ਤੇ,
ਹਰਦਮ ਮੁਸੀਬਤਾਂ ਹੀ ਨੇ ਖਲਕਤ ਦੀ ਜਾਨ ਤੇ ।
ਔਰਤ ਹੈ ਬੇਨਸੀਬ ਹੀ ਬੱਚੇ ਜਣਨ ਲਈ !



Digitized by Panjab Digital Library | www.panjabdigilib.org

ਜਦ ਤਕ ਹੈ ਜੰਗ ਜ਼ਖ਼ਮੀ ਰਹੇਗੀ ਮਨੁੱਖਤਾ ।
ਹੋਵੇਗਾ ਤਨ ਮਨੁੱਖ ਦਾ ਬੀਮਾਰੀਆਂ ਦਾ ਘਰ ;
ਆਵੇਗੀ ਸਮਝ ਵੀ ਨਾ ਕਦੀ ਅਪਣੇ ਆਪ ਦੀ ।
ਸਦੀਆਂ ਤੋਂ ਬਾਦ ਜੰਗ ਦਾ ਹਟਿਆ ਹਨੇਰ ਨਾ ;
ਉਹੋ ਨਰਕ ਰਿਹਾ !
ਬੇੜਾ ਮਨੁੱਖਤਾ ਦਾ ਗ਼ਰਕ ਸੀ, ਗ਼ਰਕ ਰਿਹਾ !
ਜਦ ਤਕ ਹੈ ਜੰਗ-ਜਾਲ 'ਚ ਬੰਦਾ ਹੈ ਜਾਨਵਰ !



Digitized by Panjab Digital Library | www.panjabdigilib.org

## ਸੁਭਾਸ਼ ਬਾਬੂ ਦੇ ਗੁੰਮ ਹੋ ਜਾਣ ਤੇ

ਇਹ ਕਹਿ ਰਹੇ ਨੇ ਕਿ ਗੁੰਮ ਹੋ ਗਿਆ ਏ ਦਿਲ ਕੋਈ,
ਇਹ ਕਹਿ ਰਹੇ ਨੇ ਕਿ ਉਸ ਦਾ ਪਤਾ ਹਵਾ 'ਚ ਨਹੀਂ ।
ਤੂੰ ਆਦਮੀ ਨੂੰ ਕਦੇ ਤਾਂ ਆਵਾਜ਼ ਦੇ, ਮੰਜ਼ਲ,
'ਕਿ ਰੋਕ ਕੋਈ ਮੁਸਾਫਰ, ਅਮਲ ਦੇ ਰਾਹ 'ਚ ਨਹੀਂ ।'
ਇਹ ਦਰਦ ਉਹ ਹੈ ਕਿ ਹਰ ਥਾਂ ਤੇ ਨਾਲ ਜਾਏਗੀ
ਜੋ ਦਿਲ ਦੀ ਪੀੜ 'ਚ ਜੀਵਨ ਹੈ ਉਹ ਦਵਾ 'ਚ ਨਹੀਂ ।
ਤੜਪ ਤੇ ਚੈਨ ਦੀ ਰੰਗਤ ਚੜ੍ਹੇਗੀ ਪਰ, ਸਾਥੀ,
ਜੋ ਰੰਗ ਖ਼ੂਨ 'ਚ ਅਪਣੇ ਹੈ ਉਹ ਹਿਨਾ 'ਚ ਨਹੀਂ ।
ਮਿਟਾਏ ਆਸ-ਪਰੀ ਜਾਂ ਸ਼ਰੀਕ ਜ਼ੁਲਮ ਕਰੇ,
ਕਦੀ ਵੀ ਕਰਦੇ ਪਰ ਆਸ਼ਕ ਫਰਕ ਵਫ਼ਾ 'ਚ ਨਹੀਂ ।
ਨਾਕਾਮੀਆਂ ਦੇ ਹਿਮਾਲਾ ਤੇ ਚੜ੍ਹ ਕੇ ਹੈ ਮੰਜ਼ਲ,
ਸਮੇਂ ਦੀ ਰੋਕ ਦਾ ਕੀ ਡਰ ਜੇ ਫਰਕ ਚਾ 'ਚ ਨਹੀਂ ।
ਜੋ ਮਾਂ ਦੀ ਗੋਦ 'ਚ ਹਾਸਲ ਹੈ ਉਹ ਗਗਨ 'ਚੋਂ ਨਹੀਂ;
ਜੋ ਲੋਕ-ਪੂਜਾ 'ਚ ਆਨੰਦ ਹੈ ਖ਼ੁਦਾ 'ਚ ਨਹੀਂ ।



Digitized by Panjab Digital Library | www.panjabdigilib.org

# ਕਫਨ

ਮੁਨਸ਼ੀ ਪ੍ਰੇਮ ਚੰਦ ਜੀ ਦੀ ਇਸੇ ਨਾਂ ਦੀ ਇਕ ਜਗਤ-ਪ੍ਰਸਿੱਧ ਕਹਾਣੀ ਹੈ। ਇਹ ਕਹਾਣੀ ਅੰਗ੍ਰੇਜ਼ੀ, ਹਿੰਦੀ, ਉਰਦੂ ਤੇ ਹੋਰ ਹਿੰਦੁਸਤਾਨੀ ਬੋਲੀਆਂ ਵਿਚ ਵੀ ਛੱਪ ਚੁਕੀ ਹੈ। ਮੈਂ ਉਸ ਦੇ ਸਭ ਤੋਂ ਚੰਗੇ ਭਾਗ ਤੋਂ ਪ੍ਰੇਰਿਤ ਹੋ ਕੇ ਇਹ ਕਵਿਤਾ ਲਿਖੀ ਹੈ। ਮੇਰਾ ਖਿਆਲ ਹੈ ਕਿ ਕਹਾਣੀ ਦਾ ਹੁਨਰ ਜਿਥੋਂ ਤਕ ਉਸ ਨੂੰ ਅਦਾ ਕਰ ਸਕਦਾ ਸੀ ਉਹ ਮੁਨਸ਼ੀ ਜੀ ਨੇ ਕਰ ਦਿਖਾਇਆ ਹੈ। ਮੈਂ ਕਹਾਣੀ ਦੀ ਰੂਹ ਨੂੰ, ਜਿਸ ਨੂੰ ਮੇਰੇ ਖਿਆਲ ਵਿਚ ਕਵਿਤਾ ਹੀ ਸਾਕਾਰ ਕਰ ਸਕਦੀ ਹੈ, ਅਪਣੀ ਸ਼ਖਸੀਅਤ ਥਾਣੀ ਪੇਸ਼ ਕੀਤਾ ਹੈ। ਸੰਖੇਪ ਕਹਾਣੀ ਇਹ ਹੈ : ਇਕ ਪਿੰਡ ਵਿਚ ਦੋ ਗਰੀਬ ਚਮਾਰ ਪਿਉ ਤੇ ਪੁੱਤਰ ਰਹਿੰਦੇ ਸਨ । ਪਿਉ ਦੀ ਨੂੰਹ ਤੇ ਪੁੱਤਰ ਦੀ ਪਤਨੀ ਕਿਸੇ ਬਿਮਾਰੀ ਨਾਲ ਗੁਜ਼ਰ ਜਾਂਦੀ ਹੈ। ਪਿੰਡ ਵਾਲੇ ਕੱਫਨ ਲੈ ਆਉਣ ਲਈ ਕੁਝ ਪੈਸੇ ਚੰਦਾ ਉਗਰਾਹ ਕੇ ਉਨ੍ਹਾਂ ਨੂੰ ਦਿੰਦੇ ਹਨ। ਰਾਹ ਵਿਚ ਉਨ੍ਹਾਂ ਦੀ ਗੱਲ ਬਾਤ ਇਸ ਤਰ੍ਹਾਂ ਦੀ ਹੈ:—

ਪਿਤਾ—

ਪੀਓ, ਸ਼ਰਾਬ ਪੀਓ ! ਹਾਂ, ਪੀਓ, ਸ਼ਰਾਬ ਪੀਓ !



Digitized by Panjab Digital Library | www.panjabdigilib.org

ਮਰ ਗਈ ਮਰਨ ਵਾਲੀ
ਭੱਜ ਗਈ ਜਿਵੇਂ ਪ੍ਰਿਆਲੀ;
ਦੋ ਘੜੀ ਤੁਸੀਂ ਤਾਂ ਜੀਓ;
ਪੀਓ, ਸ਼ਰਾਬ ਪੀਓ !

ਪੁੱਤਰ—

ਮਿਲੇ ਨੇ ਪੈਸੇ ਜੋ ਇਹ ਕੁਝ ਨਵੇਂ ਕਫਨ ਦੇ ਲਈ
ਜੇ ਖਾ ਲਏ ਤਾਂ ਖ਼ਫ਼ਾ ਹੋਣਗੇ ਗਰਾਂ ਵਾਲੇ।
ਉਜਾੜ ਦੇਣਗੇ ਕੁੱਲੀ ਵੀ ਇਹ ਘਰਾਂ ਵਾਲੇ।
ਦਵਾਰ ਬੰਦ ਨਜ਼ਰ ਆਉਣਗੇ ਯਤਨ ਦੇ ਲਈ !
ਸੜੇਗੀ ਲਾਸ਼ ਵਿਚਾਰੀ ਪਈ ਕਫ਼ਨ ਦੇ ਲਈ !

ਪਿਤਾ—

ਨਾ ਲੀਰ ਜਿਸ ਨੂੰ ਮਿਲੀ ਜ਼ਿੰਦਗੀ 'ਚ ਤਨ ਦੇ ਲਈ
ਨਵੇਂ ਕਫਨ ਦੀ ਜ਼ਰੂਰਤ ਕੀ ਉਸ ਬਦਨ ਦੇ ਲਈ।
ਪੀਓ ਸ਼ਰਾਬ, ਕਰੋ ਪੂਰੀਆਂ ਹਜ਼ਮ ਨਾਲੇ,
ਕਫਨ ਦੇ ਵਾਸਤੇ ਮੁੜ ਦੇਣਗੇ ਘਰਾਂ ਵਾਲੇ।
ਤਰਸ ਰਹੀ ਏ ਉਮਰ ਪੇਟ ਭਰ ਕੇ ਰੋਟੀ ਨੂੰ,
ਅਨੰਦ ਖੂਬ ਲਵੋ ਇਸ ਕਫਨ ਦੇ ਚੰਦੇ ਤੋਂ।



Digitized by Panjab Digital Library | www.panjabdigilib.org

ਲੁਕਾਓ ਮੂੰਹ ਨਾ ਜ਼ਰਾ ਹੁਣ ਕਿਸੇ ਵੀ ਬੰਦੇ ਤੋਂ ।
ਖੜਾਂਗੇ ਨੰਗੀ ਹੀ ਤਕਦੀਰ ਅਪਣੀ ਖੋਟੀ ਨੂੰ !
ਮਰ ਗਈ ਮਰਨ ਵਾਲੀ,
ਹੋ ਗਈ ਜਗ੍ਹਾ ਖਾਲੀ
ਅਰਾਮ-ਰਾਤ ਲਈ !
ਬਸ ਕਬਰ 'ਚ ਪੈ ਕੇ ਜੀਓ;
ਪੀਓ, ਸ਼ਰਾਬ ਪੀਓ !

ਪੁੱਤਰ–

ਇਹ ਚੰਦਾ ਪਹਿਲਾਂ ਹੀ ਮਿਲਦਾ ਦਵਾ ਹੀ ਕਰ ਲੈਂਦੇ,
ਇਹ ਮਰਨ ਵਾਲੀ ਜਵਾਨੀ ਗ਼ਰੀਬ ਬਚ ਜਾਂਦੀ ।
ਇਸੇ ਚਿੰਗਾਰੀ ਤੋਂ ਅਗਨੀ-ਉਮੀਦ ਮਚ ਜਾਂਦੀ ।
ਇਹ ਪੈਸੇ ਪਹਿਲਾਂ ਹੀ ਦੇਂਦੇ ਤਾਂ ਠੰਢ ਤੋਂ ਸ਼ਾਇਦ,
ਮਲੂਕ ਜਿੰਦ ਦਾ ਕੋਈ ਬਚਾ ਹੀ ਕਰ ਲੈਂਦੇ !
ਗਵਾਂਢੀਆਂ ਦਾ ਹੈ ਚੰਦਾ ਕਿ ਬੋ ਨਿਕਲ ਜਾਏ,
ਨਗਰ ਦੇ ਰਸਤੇ ਚੋਂ ਇਹ ਮੌਤ-ਛੁਹ ਨਿਕਲ ਜਾਏ !
ਇਸੇ ਦਾ ਨਾਮ ਹੈ ਜੇ ਦੂਸਰੇ ਦੀ ਹਮਦਰਦੀ;
ਤਾਂ ਲਗ ਜਾਏ ਜ਼ਮਾਨੇ ਨੂੰ ਮੌਤ ਦੀ ਸਰਦੀ !
ਹਜ਼ਾਰ ਲਾਹਨਤਾਂ ਇਸ ਬੇਕਰਾਰ ਧਨ ਦੇ ਲਈ !



Digitized by Panjab Digital Library | www.panjabdigilib.org

ਹਜ਼ਾਰ ਲਾਹਨਤਾਂ ਉਸ ਬੇਦਰਦ ਵਤਨ ਦੇ ਲਈ
ਕਿ ਜਿਸ 'ਚ ਹੁੰਦਾ ਏ ਚੰਦਾ ਕਿਸੇ ਕਫ਼ਨ ਦੇ ਲਈ !
ਮਰ ਗਈ ਮਰਨ ਵਾਲੀ,
ਬਗ਼ਾਵਤਾਂ ਦਾ ਜ਼ਖਮ ਕਰ ਗਈ ਕਰਨ ਵਾਲੀ ।
ਜ਼ਖਮ ਸੀਓ ਨਾ ਸੀਓ !
ਪਰ ਸ਼ਰਾਬ ਖ਼ੂਬ ਪੀਓ !

ਪਿਤਾ—

ਜੀਆਂਗੇ ਖ਼ੂਬ ਗ਼ਲਤ ਜ਼ਿੰਦਗੀ ਦਾ ਗ਼ਮ ਕਰ ਕੇ,
ਅਨੰਦ ਜੀਣ ਦਾ ਆਏਗਾ ਪੇਟ ਨੂੰ ਭਰ ਕੇ ।
ਖ਼ਿਆਲ ਭੁਖ ਦਾ ਪਹਿਲਾਂ ਹੈ ਮੌਤ ਦਾ ਮਗਰੋਂ ।
ਹਯਾ ਹੀ ਭੁਖ ਨੂੰ ਬਸ ਜਰ ਗਈ ਜਰਨ ਵਾਲੀ !
ਕਫ਼ਨ ਦਾ ਗ਼ਮ ਨਾ ਕਰੋ,
ਅਜ ਸ਼ਰਾਬ ਖ਼ੂਬ ਪੀਓ !

ਇਹ ਕਹਿ ਕੇ ਦੋਵੇਂ ਹੀ ਪੀ ਪੀ ਕੇ ਹੋਏ ਮਸਤਾਨੇ,
ਸ਼ਰਾਬ-ਖਾਨੇ 'ਚ ਨੱਚੇ ਉਹ ਖ਼ੂਬ ਦੀਵਾਨੇ !
ਠੂਠੀਆਂ ਚੜ੍ਹਾ ਕੇ ਉਹ,
ਪੂਰੀਆਂ ਨੂੰ ਖਾ ਕੇ ਉਹ,



Digitized by Panjab Digital Library | www.panjabdigilib.org

ਗੀਤ ਕੋਈ ਗਾ ਕੇ ਉਹ,
ਬੇਹੋਸ਼ੀਆਂ ਦੇ ਮਹਾਂ-ਸੁਪਨਿਆਂ 'ਚ ਲੇਟ ਗਏ
ਸ਼ਰਾਬ-ਖ਼ਾਨੇ ਵਿਚ !



Digitized by Panjab Digital Library | www.panjabdigilib.org

## ਵੇਸਵਾ

ਹੁਣ ਮੇਰੇ ਦਰ ਤੇ ਤੜਪਦੇ ਨੇ ਧਰਮਰਾਜ ਕਈ
ਮੈਂ ਕਿਸੇ ਸ਼ਕਲ ਨੂੰ ਮਨਜ਼ੂਰ ਕਰਾਂ ।
ਹਰ ਕੋਈ ਸ਼ਕਲ ਬਣਾ ਆਇਆ ਏ ਦਿਲ ਖੁਹਣ ਲਈ,
ਮਨ ਨੂੰ ਮੇਰੇ ਮੋਹਣ ਲਈ !
ਦੇਵ-ਦੌਲਤ ਮੇਰੇ ਕਜਲੇ ਦੀਆਂ ਧਾਰਾਂ ਦੇ ਲਈ
ਠੋਕਰਾਂ ਦਰ ਤੇ ਮੇਰੇ ਖਾਏ ਕਰਾਰਾਂ ਦੇ ਲਈ ।
ਅੱਜ ਉਹ ਰੁਹਬ ਤਰਸਦੇ ਨੇ ਗ਼ੁਲਾਮੀ ਦੇ ਲਈ,
ਮੇਰੀ ਗ਼ੁਲਾਮੀ ਦੇ ਲਈ
ਕਲ੍ਹ ਹੀ ਪ੍ਰੀਤ ਨੂੰ ਦਾਸੀ ਨਾ ਬਣਾਇਆ ਜਿਸ ਨੇ ।
ਹੁਣ ਮੇਰੇ ਦਰ ਤੇ ਤੜਪਦੇ ਨੇ ਧਰਮਰਾਜ ਕਈ
ਕਿ ਕਿਸੇ ਮਹਿਲ ਦੀ ਮੈਂ ਰਾਣੀ ਬਣਾ ।
ਸਾਹਮਣੇ ਤੋੜਦੀ ਏ ਅੰਗ ਜਵਾਨੀ ਆ ਕੇ ;
ਰਾਤ ਦਿਨ ਮਿੰਨਤਾਂ ਕਰਦੇ ਨੇ ਜਵਾਨਾਂ ਦੇ ਖਿਆਲ
ਵਿਲਕਦੀ ਰੂਹ ਨੂੰ ਜ਼ੁਲਫਾਂ 'ਚ ਲੁਕਾਵਣ ਦੇ ਲਈ,



Digitized by Panjab Digital Library | www.panjabdigilib.org

ਪਿਆਸ ਬੁਝਾਵਣ ਦੇ ਲਈ ।
ਦੂਰ ਹੀ ਸਭ ਤੋਂ ਮੇਰਾ ਹੁਨਰ ਹੈ ਪਰ ।
ਹੁਣ ਕਿਸੇ ਕੌਮ, ਕਿਸੇ ਧਰਮ ਦੀ ਦਾਸੀ ਕਿਉਂ ਬਣਾ
ਜਦ ਕਿ ਠੁਕਰਾਈ ਗਈ ਜ਼ਾਤ ਮੇਰੀ ?
ਹੁਣ ਮੇਰੇ ਪੈਰਾਂ 'ਚ ਧਰਦੇ ਨੇ ਬਦਨ ਦੀ ਮਖ਼ਮਲ,
ਕਲ੍ਹ ਗੱਲਾਂ ਜੋ ਬਣਾਂਦੇ ਰਹੇ ਰੋਟੀ ਦੇ ਲਈ ।
ਅੱਜ ਕਾਲੀਨ ਲਈ ਆਉਂਦਾ ਏ ਬੇਕਾਰ ਸਮਾਜ ।
ਹੈ ਬੜਾ ਸੋਹਣਾ ਰਵਾਜ !
ਤੇਰੀ ਤਕਦੀਰ ਹੀ ਖੋਟੀ ਹੈ ਸੁਹਾਗਣ, ਖਬਰੇ !
ਤੇਰੇ ਬੱਚੇ ਦੀ ਗਵਾਂਢੀ ਨੂੰ ਕੋਈ ਫਿਕਰ ਨਹੀਂ !
ਮੇਰੀ ਬੱਚੀ ਦਾ ਬੜਾ ਫਿਕਰ ਹੈ ਜ਼ਰਦਾਰਾਂ ਨੂੰ,
ਕੌਮ ਦੇ ਸਰਦਾਰਾਂ ਨੂੰ !
ਹੁਣ ਮੇਰਾ ਪੈਰ ਵੀ ਧਰਤੀ ਤੇ ਨਾ ਲਗ ਜਾਏ ਕਿਤੇ,
ਹਰ ਕਿਸੇ ਨਜ਼ਰ 'ਚ ਫੁਲਾਂ ਤੋਂ ਵੀ ਕੋਮਲ ਹਾਂ ਮੈਂ ।
ਕਿਉਂ ਕਿਸੇ ਘਰ ਦੀ ਮੈਂ ਰਾਣੀ ਹੋਵਾਂ ?
ਫੇਰ ਮੈਂ ਅਪਣੇ ਨਸੀਬਾਂ ਨੂੰ ਪਈ ਕਿਉਂ ਰੋਵਾਂ ?
ਵੇਸਵਾ ਬਣ ਕੇ ਮਜ਼ਾ ਆਇਆ ਏ ਇਸ ਜੀਵਨ ਦਾ,
ਨੂਰ ਦੌਲਤ ਦਾ ਹੈ ਮੁਹਤਾਜ ਮੇਰੇ ਚਾਨਣ ਦਾ ।
ਹੁਣ ਮੇਰੇ ਦਰ ਤੇ ਤੜਪਦੇ ਨੇ ਧਰਮਰਾਜ ਕਈ ।



Digitized by Panjab Digital Library | www.panjabdigilib.org

ਵੇਚਦੇ ਕੌਮ ਨੇ ਆਰਾਮ ਦੀ ਰੋਟੀ ਦੇ ਲਈ ;
ਰੋਜ਼ ਹਰ ਹਟ ਤੇ ਵਿਕਦਾ ਏ ਧਰਮ, ਰੋਜ਼ ਖ਼ੁਦਾ;
ਮਿਹਨਤੀ ਰੋਜ਼ ਲਹੂ ਵੇਚ ਕੇ ਰਹਿ ਜਾਂਦਾ ਏ ।
ਕੋਈ ਕਰਦਾ ਹੀ ਨਹੀਂ ਅਪਣੇ ਗੁਨਾਹਾਂ ਤੇ ਵਿਚਾਰ –
ਅਪਣੇ ਕਰਮ ਠੀਕ ਨੇ ਸਭ –
ਮੈਂ ਹੀ ਬਦਨਾਮ ਹਾਂ ਕਿਉਂ ?
ਪਾਸ ਜੋ ਕੁਝ ਹੈ ਮੇਰੇ ਉਸ ਨੂੰ ਮੈਂ ਵੇਚਾਂ ਕਿਉਂ ਨਾ
ਅਪਣੇ ਗੁਜ਼ਾਰੇ ਦੇ ਲਈ ?
ਰੂਪ ਦੀ ਜੋਤ ਹੈ ਬਸ ਮੇਰੇ ਸਹਾਰੇ ਦੇ ਲਈ ।
ਵੇਸਵਾ ਬਣ ਕੇ ਬਣੀ ਸਭ ਦੀ ਮੈਂ ਫੂਲਾਂ-ਰਾਣੀ !
ਸੈਂਕੜੇ ਖਾਲੀ ਨੇ ਹੁਣ ਦਿਲ ਦੇ ਤਖ਼ਤ ਮੇਰੇ ਲਈ ;
ਹੁਣ ਮੇਰੀ ਸੁਰ ਨੂੰ ਵਿਲਕਦੇ ਨੇ ਨਵੇਂ ਸਾਜ਼ ਕਈ–
ਹੁਣ ਮੇਰੇ ਦਰ ਤੇ ਤੜਪਦੇ ਨੇ ਧਰਮਰਾਜ ਕਈ ।



Digitized by Panjab Digital Library | www.panjabdigilib.org

## ਮਜਬੂਰੀ

ਤੇਰਾ ਮੇਰਾ ਪਿਆਰ ਇਹ ਲੁਕਿਆ ਰਹੇ,
ਦੱਬਿਆ ਰਹੇ,
ਉਸ ਜਵਾਲਾ ਵਾਂਗ ਜੋ
ਹੈ ਪਹਾੜਾਂ ਦੀ ਹਨੇਰੀ ਗ਼ਾਰ ਵਿਚ ।
ਪਿਆਰ ਵੀ ਲੁਕਿਆ ਰਹੇ
ਜਿਸ ਤਰ੍ਹਾਂ ਲੱਕੜ 'ਚ ਘੁਣ;
ਮੇਰੇ ਅੰਦਰ ਨੂੰ ਸਦਾ ਖਾਂਦਾ ਰਹੇ,
ਇਸ ਦੀ ਕੁਝ ਪਰਵਾਹ ਨਹੀਂ ।
ਮੇਰਾ ਹਾਸਾ, ਮੇਰਾ ਸੁਖ ਜਾਂਦਾ ਰਹੇ
ਜਿਸ ਤਰ੍ਹਾਂ ਇਕ ਫੁਲ ਖਿੜਿਆ ਹੀ ਨਹੀਂ,
ਜਿਸ ਤਰ੍ਹਾਂ ਮੈਨੂੰ ਨਹੀਂ ਹੱਸਣ ਦੀ ਜਾਚ ।
ਜ਼ਿੰਦਗੀ ਭੁਰ ਭੁਰ ਕੇ ਇਕ ਬੂਰਾ ਬਣੇ;



Digitized by Panjab Digital Library | www.panjabdigilib.org

ਪਿਆਰ ਦਾ ਘੁਣ ਲੱਖਾਂ ਆਸਾਂ ਦਾ ਸ਼ਤੀਰ
ਅੰਦਰੋ ਅੰਦਰ ਸਦਾ ਖਾਂਦਾ ਰਹੇ ।
ਅੰਗ ਹਰ ਖੁਰਦਾ ਰਹੇ,
ਗਲਦਾ ਰਹੇ ਸਾਰਾ ਬਦਨ,
ਪਿਆਰ ਤੇਰਾ ਪਰ ਸਦਾ ਲੁਕਿਆ ਰਹੇ !

ਤੇਰਾ ਮੇਰਾ ਪਿਆਰ ਇਹ ਲੁਕਿਆ ਰਹੇ
ਜਿਸ ਤਰ੍ਹਾਂ ਲੁਕਿਆ ਰਿਹਾ ਹੁਣ ਤਕ ਖ਼ੁਦਾ ।
ਮੁਸਕ੍ਰਾਉਂਦੀ ਹੁਣ ਨਾ ਆਇਆ ਕਰ ਕਦੀ ।
ਅਪਣੇ ਨੈਣਾਂ ਨੂੰ ਬਚਾ
ਜ਼ਾਹਰ ਹੋ ਜਾਏ ਨਾ ਕੁਝ ਬਾਜ਼ਾਰ ਵਿਚ ।
ਫੇਰ ਤੇਰੇ ਘਰ ਨਾ ਲਗ ਜਾਏ ਪਤਾ,
ਤੇਰਾ ਕੁਝ ਜਾਣਾ ਨਹੀਂ,
ਮੇਰਾ ਘਰ ਬਰਬਾਦ ਹੋ ਜਾਏਗਾ ਸਭ ।
ਇਸ ਲਈ ਚਾਹੁੰਦਾ ਹਾਂ ਮੈਂ ਲੁਕਿਆ ਰਹੇ,
ਤੇਰਾ ਮੇਰਾ ਪਿਆਰ ਇਹ ਲੁਕਿਆ ਰਹੇ
ਦਿੱਕ ਦੇ ਜਿੱਦਾਂ ਕਟਾਣੂੰ ਖ਼ੂਨ ਵਿਚ ।
ਹੌਲੀ ਹੌਲ਼ੀ ਜਿਸਮ ਇਕ ਪਿੰਜਰ ਬਣੇ;
ਪਿਆਰ ਤੇਰਾ ਵੀ ਜਰਾਸੀਮਾਂ ਦੇ ਵਾਂਗ



Digitized by Panjab Digital Library | www.panjabdigilib.org

ਚਾਹੇ ਮੇਰੀ ਖ਼ੂਬ ਬਰਬਾਦੀ ਕਰੇ,
ਇਸ ਦੀ ਕੁਝ ਪਰਵਾਹ ਨਹੀਂ ।
ਜ਼ਾਹਰ ਨਾ ਹੋਵੇ ਮੁਹੱਬਤ ਪਰ ਤੇਰੀ,
ਤੇਰਾ ਕੁਝ ਜਾਣਾ ਨਹੀਂ;
ਮੇਰੇ ਘਰ ਰੋਟੀ ਨਹੀਂ, ਦਾਣਾ ਨਹੀਂ;
ਨੌਕਰੀ ਤੇਰੀ, ਤੇਰੇ ਸਰਦਾਰ ਦੀ
ਜਿਸ ਤੇ ਬਸ ਜੀਂਦਾ ਹਾਂ ਮੈਂ;
ਫੇਰ ਜੀਂਦਾ ਏ ਮੇਰਾ ਘਰ ਬਾਰ ਵੀ ।

ਜਿਸ ਲਈ ਕੀਤੀ ਸੀ ਵਾਲਾਂ ਦੀ ਤਰੀਫ਼,
ਜਿਸ ਲਈ ਤੇਰਾ ਸਲਾਹਿਆ ਮੈਂ ਬਦਨ,
ਤੇਰੇ ਕਜਲੇ ਨੂੰ ਕਦੀ ਜਾਦੂ ਕਿਹਾ,
ਅੱਖ ਤੋਂ ਵਾਰੇ ਗਏ ਜੀਵਨ-ਜਹਾਜ਼,
ਤੋਰ ਤੋਂ ਘੋਲੇ ਗਏ ਮੋਰਾਂ ਦੇ ਦਿਲ,
ਮੋਰਾਂ ਦੀਆਂ ਪੈਲਾਂ ਵੀ ਸਭ,
ਜਿਸ ਲਈ ਸਭ ਕੁਝ ਮੈਂ ਇਹ ਕਰਦਾ ਰਿਹਾ,
ਆਸ ਉਹ ਹੋਈ ਨਹੀਂ ਪੂਰੀ ਅਜੇ !
ਇਸ ਲਈ ਕਹਿੰਦਾ ਹਾਂ ਮੈਂ ਲੁਕਿਆ ਰਹੇ,
ਪਿਆਰ ਇਹ ਲੁਕਿਆ ਰਹੇ,



Digitized by Panjab Digital Library | www.panjabdigilib.org

ਰਹਿਮ ਇਹ ਲੁਕਿਆ ਰਹੇ,
ਤੇਰੇ ਦਿਲ ਵਿਚ ਜੋ ਵੀ ਏ ਮੇਰੇ ਲਈ ।
ਮੁਸਕ੍ਰਾਉਂਦੀ ਹੁਣ ਨਾ ਆਇਆ ਕਰ ਕਦੀ,
ਅਪਣੇ ਨੈਣਾਂ ਨੂੰ ਲੁਕਾ ਕੇ ਰਖ ਅਜੇ ।
ਬੁਝ ਨਹੀਂ ਸੱਕੀ ਅਜੇ ਅੰਗਾਂ ਦੀ ਪਿਆਸ !
ਜ਼ਖ਼ਮ ਇਹ ਲੁਕਿਆ ਰਹੇ ,
ਦਾਗ਼ ਇਹ ਲੁਕਿਆ ਰਹੇ ।
ਕੋਹੜ ਵਾਂਗੂ ਬਾਹਰ ਨਾ ਆਇ ਨਜ਼ਰ ,
ਪਿਆਰ ਇਹ ਲੁਕਿਆ ਰਹੇ ।
ਪਿਆਰ ਤੇਰਾ ਵੀ ਜਰਾਸੀਮਾਂ ਦੇ ਵਾਂਗ,
ਸਿੱਲ ਦੇ ਮਾਰੂ ਜਰਾਸੀਮਾਂ ਦੇ ਵਾਂਗ ,
ਜ਼ਿੰਦਗੀ ਖਾਂਦਾ ਰਹੇ !
ਹਾਇ ਪਰ ਰੋਟੀ ਵੀ ਮੈਂ ਖਾਂਦਾ ਰਹਾਂ ।



Digitized by Panjab Digital Library | www.panjabdigilib.org

# ਗਰਮੀ

ਲੱਖ ਯੋਜਨ ਹੇਠਾਂ ਅੱਜ ਆਣ ਕੇ ਸੂਰਜ ਦੇਵ
ਅਗਨੀ ਕੁੰਡ 'ਚੋਂ ਲੈ ਕੇ ਮਾਰੇ ਸੜਦੇ ਤੀਰ ;
ਇਕ ਇਕ ਨੋਕ ਰਹੀ ਏ ਧਰਤੀ ਦਾ ਦਿਲ ਚੀਰ ,
ਧਰਤੀ ਦਾ ਸੀਨਾ ਪਰ ਤਾਂ ਵੀ ਸਬਰ ਕਰੇ ,



Digitized by Panjab Digital Library | www.panjabdigilib.org

ਹੋਈ ਇਸ ਅਗਨੀ ਤੋਂ ਤਾਂਬਾ ਰੰਗ ਜ਼ਮੀਨ।
ਵਰ੍ਹਦੀ ਜਵਾਲਾ ਏ ਪਰ ਖੇਤੀ ਵਾਹੁਣ 'ਚ ਲੀਨ
ਹੁਣ ਵੀ ਹੈਨ ਕਿਸਾਨ,
ਸਾਡੀ ਕਾਇਆਂ ਦੇ ਇਹ ਜੀਵਨ ਰੂਪ ਪਰਾਣ;
ਅਗਨੀ ਦੇ ਦਰਿਆ 'ਚੋਂ ਬੇੜੀ ਹਲ ਲੈ ਕੇ
ਮਾਨਵਤਾ ਦੀ ਖ਼ਾਤਰ ਡੁਬਦੇ ਤਰਦੇ ਜਾਣ।
ਮੈਂ ਬੇਦਰਦ ਇਨਸਾਨ
ਬਰਫ਼ਾਂ ਤੇ ਪਖਿਆਂ ਵਿਚ ਆਖਾਂ ਖੋਲ੍ਹ ਜ਼ਬਾਨ:
ਅਜ ਅਤਿ ਗਰਮੀ ਏ !
ਇਸ ਅਤਿ ਗਰਮੀ ਦੇ ਵਿਚ ਕਿੰਨੇ ਵੀਰ ਲੁਹਾਰ
ਭੱਠੀ ਨਰਕ 'ਚ ਅਪਣੀ ਜਾਨ ਰਹੇ ਨੇ ਗਾਲ;
ਵਰ੍ਹਦੇ ਅੰਗਿਆਰਾਂ ਵਿਚ ਕਿੰਨੇ ਮਹਿਲ ਉਸਾਰ
ਸਾੜ ਰਹੇ ਨੇ ਅਪਣੀ ਜ਼ੀਵਨ ਰੂਪ ਬਹਾਰ,
ਮਿੱਲਾਂ ਦੀ ਭੱਠੀ ਵਿਚ ਅਪਣਾ ਖ਼ੂਨ ਨਚੋੜ,
ਫਾਕੇ ਦੇ ਸੜਦੇ ਦਰਿਆ ਵਿਚ ਬੇੜੀ ਰੋੜ੍ਹ !
ਬੂਟੇ ਤੋੜ ਰਹੇ ਨੇ ਧੁੱਪਾਂ ਦੇ ਤੂਫ਼ਾਨ;
ਹੜ ਪਰਸੀਨੇ ਦੇ ਰੋੜ੍ਹਨ ਸਬਰਾਂ ਦੇ ਸ਼ਹਿਰ।
ਧਰਤੀ ਆਕਾਸ਼ਾਂ ਦੇ ਮਿਹਨਤ ਜ਼ੁਲਮ ਜਰੇ;
ਕਿਰਤੀ ਦਾ ਦਿਲ ਤਾਂ ਵੀ ਹਰਦਮ ਸਬਰ ਕਰੇ।



Digitized by Panjab Digital Library | www.panjabdigilib.org

ਪਰ ਮੈਂ ਠੰਢੀਆਂ ਛਾਵਾਂ ਠੰਢੀਆਂ ਥਾਵਾਂ ਤੇ
ਆਖ ਰਿਹਾ ਹਾਂ, ਅਜ ਕਿੰਨੀ ਅੱਤ ਗਰਮੀ ਏ !
ਭਾਲੀ ਅੰਦਰ ਦੇ ਸਾੜੇ ਦੀ ਦਵਾਈ ਨਾ:
ਦਿਲ ਵਿਚ ਅਪਣੇ ਸੀਤਲ ਦਰਦ ਵਸਾਈ ਨਾ।
ਨਫਸ ਦੀ ਗਰਮੀ ਨੇ ਖੋਜੀ ਨਾ ਹਵਾ ਕਿਧਰੇ,
ਦੱਬੀ ਅਗਨੀ ਦਾ ਕਿਉਂ ਜਾਂਵਦਾ ਤਾ ਕਿਧਰੇ ?
ਅਪਣੇ ਹੀ ਗੁੱਸੇ ਦਾ ਆਤਸ਼ਗੀਰ ਪਹਾੜ
ਨਿਸ ਦਿਨ ਫਟਦਾ ਏ, ਜਾਂਦਾ ਏ ਜੀਵਨ ਸਾੜ;
ਅਪਣੇ ਹੀ! ਨੈਣਾਂ ਦੇ ਮਘਦੇ ਮਘਦੇ ਤੀਰ
ਜਾਵਣ ਸਬਰ ਸਿਦਕ ਦੀ ਕੋਮਲ ਆਸ਼ਾ ਚੀਰ;
ਆਪੇ ਘਰ ਅਪਣੇ ਨੂੰ ਦੋਜ਼ਖ਼ ਦੀ ਅੱਗ ਠੇਲ੍ਹ,
ਆਪੇ ਆਖ ਰਿਹਾ ਹਾਂ: ਅਜ ਅੱਤ ਗਰਮੀ ਏ।

ਅੱਤ ਗਰਮੀ ਤੋਂ ਬਾਦ
ਮੰਗ-ਕਿਸਾਨਾਂ ਦੀ ਆ ਸਕਦੀ ਏ ਬਰਸਾਤ।
ਜ਼ੁਲਮ ਦੇ ਦਿਨ ਦੀ ਵੀ ਹੋ ਸਕਦੀ ਏ ਆਖ਼ਰ ਰਾਤ।
ਧਨੀਆਂ ਦੀ ਅਗਨੀ ਤੋਂ ਇਕ ਦਿਨ ਇਹ ਮਜ਼ਦੂਰ
ਹੋ ਸਕਦੇ ਹਨ ਦੂਰ।
ਪਰੀਵਰਤਨ ਹੋ ਕੇ ਜਗ ਹੋ ਸਕਦਾ ਏ ਹੋਰ,



Digitized by Panjab Digital Library | www.panjabdigilib.org

ਪਰ ਕੀ ਬਦਲੇਗੀ ਦਿਲ ਦੇ ਸਾੜੇ ਦੀ ਤੋਰ ?
ਮੇਰੀ ਗਰਮੀ ਵਿਚ ਆਇਗੀ ਠੰਢ ਕਦੀ ?
ਮੇਰੇ ਭਾਗਾਂ ਵਿਚ ਖਬਰੇ ਬਰਸਾਤ ਨਹੀਂ।
ਜੀਵਨ ਤਕ ਆਖਾਂਗਾ : ਅਜ ਅੱਤ ਗਰਮੀ ਏ ।



Digitized by Panjab Digital Library | www.panjabdigilib.org

# ਰੱਬ ਦਾ ਹੁਕਮ

## (ਫਰਿਸ਼ਤਿਆਂ ਨੂੰ)

ਕੌਮਾਂਤਰੀ ਕਵੀ ਇਕਬਾਲ ਦੀ ਇਹ ਕਵਿਤਾ ਬਹੁਤ ਹੀ ਮਸ਼ਹੂਰ ਹੋ ਚੁਕੀ ਹੈ। ਇਸ ਦੇ ਇਕ ਦੋ ਪੰਜਾਬੀ ਉਲਥੇ ਵੀ ਮੇਰੀ ਨਜ਼ਰ ਵਿਚੋਂ ਗੁਜ਼ਰੇ ਹਨ, ਪਰ ਇਸ ਦਾ ਮੁੜ ਤਰਜਮਾ ਕਰਨ ਲਈ ਮੈਨੂੰ ਪ੍ਰੇਰਨਾ ਹੁੰਦੀ ਰਹੀ ਹੈ। ਉਹ ਅਨੁਵਾਦ ਕੁਝ ਆਜ਼ਾਦ ਜਹੇ ਸਨ ਤੇ ਕਵੀ ਦੇ ਸ਼ਬਦਾਂ ਤੇ ਭਾਵਾਂ ਨਾਲ ਇਨਸਾਫ਼ ਕਰਦੇ ਨਹੀਂ ਸਨ ਨਜ਼ਰ ਆਉਂਦੇ। ਇਹ ਵੀ ਇਕ ਯਤਨ ਹੈ। ਬਹਿਰ ਅਸਲੀ ਕਵਿਤਾ ਦਾ ਹੀ ਰਖਿਆ ਹੈ ਤੇ ਕੋਸ਼ਿਸ਼ ਇਹ ਕੀਤੀ ਹੈ ਕਿ ਕਵੀ ਦੇ ਜੌਹਰ ਨੂੰ ਹਰ ਥਾਂ ਹੂ-ਬ-ਹੂ ਕਾਇਮ ਰਖਿਆ ਜਾਵੇ।

ਉਠੋ, ਮੇਰੀ ਦੁਨੀਆ ਦੇ ਗ਼ਰੀਬਾਂ ਨੂੰ ਜਗਾਓ;
ਧਨੀਆਂ ਦਿਆਂ ਮਹਿਲਾਂ ਦੇ ਬੂਹੇ, ਕੰਧਾਂ ਹਿਲਾਓ।
ਗਰਮਾ ਦਿਓ ਦਾਸਾਂ ਦਾ ਲਹੂ ਸੋਜ਼-ਸਿਦਕ ਨਾਲ:
ਸੰਗ ਬਾਜ਼ਾਂ ਦੇ ਬੇਤਾਣੀਆਂ ਚਿੜੀਆਂ ਨੂੰ ਲੜਾਓ।



Digitized by Panjab Digital Library | www.panjabdigilib.org

ਖ਼ਲਕਤ ਦੀ ਹਕੂਮਤ ਦਾ ਸਮਾਂ ਆਇਆ ਏ ਨੇੜੇ
ਜੋ ਚਿੰਨ੍ਹ ਪੁਰਾਣਾ ਨਜ਼ਰ ਆਉਂਦਾ ਏ ਮਿਟਾਓ ।
ਜਿਸ ਖੇਤ 'ਚੋਂ ਲੱਭੇ ਨ ਕਿਸਾਨਾਂ ਨੂੰ ਹੀ ਰੋਟੀ
ਉਸ ਖੇਤ ਦੇ ਹਰ ਕਣਕ ਦੇ ਸਿੱਟੇ ਨੂੰ ਜਲਾਓ ।
ਕਿਉਂ ਰੱਬ ਤੇ ਲੋਕਾਂ 'ਚ ਰਹੇ ਪਰਦਾ ਹੀ ਤਣਿਆ ?
ਹੁਣ ਗਿਰਜੇ 'ਚੋਂ ਗਿਰਜੇ ਦੇ ਮਹੰਤਾਂ ਨੂੰ ਉਠਾਓ ।
ਕੀ ਬੁੱਤ ਦੇ ਗੇੜੇ ਨੇ ਤੇ ਕੀ ਹੱਕ ਨੂੰ ਸਲਾਮਾਂ ?
ਚੰਗਾ ਏ ਸ਼ਮ੍ਹਾ ਮੱਕੇ ਤੇ ਮੰਦਰ ਦੀ ਬੁਝਾਓ ।
ਮੈਂ ਦੁਧੀਆ ਪੱਥਰ ਤੇ ਕੋਈ ਖ਼ੁਸ਼ ਤਾ ਨਹੀਂ ਹਾਂ,
ਘਰ ਮਿੱਟੀ ਦਾ ਮੇਰੇ ਲਈ ਕੋਈ ਹੋਰ ਬਣਾਓ ।

ਤਹਿਜ਼ੀਬ ਨਵੀਂ ਕਾਰ ਹੈ ਬਸ ਸ਼ੀਸ਼ਾਗਰਾਂ ਦੀ;
ਵਹਿਸ਼ਤ ਦਾ ਅਦਬ ਪੂਰਬੀ ਕਵੀਆਂ ਨੂੰ ਸਿਖਾਓ ।



Digitized by Panjab Digital Library | www.panjabdigilib.org

## ਸਮਾਜ ਦਾ ਬੁੱਤ

ਕੋਈ ਹੁਣ ਮੈਨੂੰ ਆਣ ਮਿਟਾਏ !
ਦਿਲ ਚਾਹੁੰਦਾ ਏ ਆਖ ਦਿਆਂ ਸਭ ਧੁਰ ਅੰਦਰ ਦੇ ਸਾਏ,
ਜ਼ਮਾਨਾ ਮੁੜ ਆਏ ਨਾ ਆਏ ।
ਦਿਲ ਕਰਦਾ ਹੈ ਪੱਥਰ-ਰੇਖਾ ਮੋਮ ਬਣੇ ਵਗ ਜਾਏ,
ਕਦੋਂ ਤਕ ਕੈਦੀ ਰੂਹ ਘਬਰਾਏ ?

ਲਖ ਸਮਿਆਂ ਦੇ ਪਾਣੀ ਬਦਲੇ,
ਸਾਗਰ ਦੀ ਤਹਿ ਬਦਲੀ,
ਨਾਚਾਂ ਦਾ ਹਰ ਤਾਲ ਬਦਲਿਆ, ਰਾਗਾਂ ਦੀ ਲੈ ਬਦਲੀ,
ਅਜੇ ਤਕ ਹੋਸ਼ ਨਾ ਮੈਨੂੰ ਆਏ ।



Digitized by Panjab Digital Library | www.panjabdigilib.org

ਸਨਮੁਖ ਮੇਰੇ ਲੱਖਾਂ ਪ੍ਰੇਮੀ ਤੜਪ ਤੜਪ ਕੇ ਮੋਏ !
ਚੁਪ ਮੇਰੀ ਨੇ ਖ਼ੂਬ ਮਿਟਾਇਆ ਉਹ ਕਿਸਮਤ ਨੂੰ ਰੋਏ ।
ਰੋਸ਼ਨੀਆਂ ਪੀ ਪੀ ਕੇ ਆਏ ਹਸਦੇ ਹਸਦੇ ਤਾਰੇ,
ਗਏ ਉਮੀਦਾਂ ਤੋੜ ਕੇ ਆਖਰ ਮੇਰੇ ਸੰਗ-ਦਵਾਰੇ ।
ਮੈਂ ਖਬਰੇ ਲੱਖਾਂ ਦੀਪ ਬੁਝਾਏ –
ਕੋਈ ਹੁਣ ਮੈਨੂੰ ਆਣ ਮਿਟਾਏ !

ਦਰਦ-ਭਰੇ ਗੀਤਾਂ ਦੀ ਭੇਟਾ ਕੀਤਾ ਨਾ ਇਕ ਮੋਤੀ;
ਲਾਹਨਤ ਨੂਰ ਖ਼ੁਦਾਈ ਮੇਰੀ ! ਲਾਹਨਤ ਮੇਰੀ ਜੋਤੀ !
ਬੇਗਿਣ ਰੇਸ਼ਮੀ ਖੁਲ੍ਹੀਆਂ ਜ਼ੁਲਫ਼ਾਂ ਰਾਹ ਮੇਰੇ ਵਿਚ ਰੁਲੀਆਂ
ਦਰਦ ਮੁਹੱਬਤ ਭਰੀਆਂ ਸਨਮੁਖ ਲਖ ਅਦਾਵਾਂ ਭੁਲ੍ਹੀਆਂ,
ਅਧੀ ਅਧੀ ਰਾਤੀਂ ਕੋਮਲ ਹੱਥਾਂ ਮੈਨੂੰ ਆਣ ਮਨਾਇਆ,
ਕਿਸੇ ਵਿਲਕਣੀ ਤੇ ਪਰ ਮੈਨੂੰ ਤਰਸ ਕਦੀ ਨਾ ਆਇਆ
ਪਿਆਰ ਦੇ ਲਟ ਲੱਟ ਕਰਦੇ ਸ਼ੋਲ੍ਹੇ ਮੈਂ ਦਿਨ ਰਾਤ ਬੁਝਾਏ
ਕੋਈ ਹੁਣ ਮੈਨੂੰ ਆਣ ਮਿਟਾਏ !

ਤੋੜ ਤੋੜ ਕੇ ਪਰੀਆਂ ਦੇ ਪਰ ਪੀਤੇ ਖ਼ੂਨ ਪਿਆਲੇ,
ਅਪਣੇ ਕਾਲੇ ਖੂਹ ਅੰਦਰ ਮੈਂ ਲਖ ਫਰਿਸ਼ਤੇ ਗਾਲੇ,
ਸਾਗਰ-ਮੌਤ 'ਚ ਮੈਂ ਡੋਬੀ ਹੈ ਹਰ ਸੁਪਨੇ ਦੀ ਬੇੜੀ,



Digitized by Panjab Digital Library | www.panjabdigilib.org

ਮੇਰੇ ਕੂੜ-ਪੁਜਾਰੀ ਜਗ ਵਿਚ ਛਡੀ ਕਸਰ ਹੈ ਕਿਹੜੀ ?
ਲਗਦੀ ਰਹੀ ਪਿਆਸ ਵਧੇਰੇ ਪੀ ਪੀ ਬੁਲ੍ਹ-ਸੁਰਾਹੀਆਂ ;
ਲੁਕੀਆਂ ਹੀ ਰਹੀਆਂ ਹਰ ਵੇਲੇ ਹਾਸੇ ਹੇਠ ਤਬਾਹੀਆਂ ।
ਭਾਈ ਨਹੀਂ ਅਜ਼ਾਦੀ ਮੈਨੂੰ ਲਖ ਕੋਈ ਪਰ ਤੋੜੇ ;
ਮੇਰੀ ਹੀ ਦੀਵਾਰ ਨੇ ਲੱਖਾਂ ਮਿਲਣ ਨਾ ਦਿਤੇ ਜੋੜੇ !
ਹੋਣ ਨਾ ਦਿੱਤੀ ਮੈਂ ਦੁਨੀਆ ਦੇ ਜੀਵਨ ਵਿਚ ਰੁਸ਼ਨਾਈ,
ਪਰ ਮੇਰੇ ਤਕ ਗੁਰਜ ਕਿਸੇ ਦੀ ਤਲਖ ਅਵਾਜ਼ ਨਾ ਆਈ !
ਮਨ ਕਹਿੰਦਾ ਏ ਧੁਰ ਅੰਦਰ ਦੇ ਚੀਰ ਕੇ ਰਖ ਦੇ ਸਾਏ,
ਜ਼ਮਾਨਾ ਮੁੜ ਆਏ ਨਾ ਆਏ ।
ਕੋਈ ਹੁਣ ਮੈਨੂੰ ਆਣ ਮਿਟਾਏ !

22.1.66



Digitized by Panjab Digital Library | www.panjabdigilib.org

# ਕਦਰ

ਮਹਾਂ ਕਵੀ ਇਕਬਾਲ ਦੀ ਕਬਰ ਉਤੇ ਲਾਉਣ ਵਾਸਤੇ, ਕਾਬਲ ਦੀ ਹਕੂਮਤ ਨੇ ਆਪਣਾ ਚਾਲੂ ਤਿੰਨ ਲੱਖ ਸਿੱਕਾ ਖਰਚ ਕੇ ਤੇ ਅਫ਼ਗ਼ਾਨਿਸਤਾਨ ਦੇ ਅਤਿ ਉੱਚੇ ਹੁਨਰਬੰਦਾਂ ਕੋਲੋਂ ਬਣਵਾ ਕੇ, ਅਤਿ ਸੁਹਣੇ ਪੱਥਰ ਭੇਜੇ ਸਨ। ਇਹ ਗਲ ਸੁਣ ਕੇ ਹੇਠਲੀ ਕਵਿਤਾ ਵਜੂਦ ਵਿਚ ਆਈ।

ਜਿਗਰ 'ਚੋਂ ਉਮੜੀ ਏ ਪੱਥਰ ਦੇ ਇੰਜ ਕਦਰਦਾਨੀ,
ਨਿਕਲ ਪਿਆ ਏ 'ਫਰੀਕਾ ਦੀ ਅੱਗ ਚੋਂ' ਪਾਣੀ।
ਕਦਰ ਕਵੀ ਦੀ ਨਾ ਜਦ ਅਪਣੇ ਦੇਸ ਨੇ ਜਾਣੀ,
ਤਾਂ ਲੈ ਕੇ ਆਇਆ ਹੈ ਸ਼ਰਧਾ ਪਿਆਰ ਅਫ਼ਗ਼ਾਨੀ।



Digitized by Panjab Digital Library | www.panjabdigilib.org

ਮੁਲਕ 'ਚ ਲਾਜ ਨਹੀਂ ਜਦ ਕਫ਼ਨ ਕਵੀ ਦੇ ਲਈ !
ਕਦੋਂ ਇਹ ਤੜਪੇਗਾ ਪੱਥਰ ਕਿਸੇ ਖ਼ੁਦੀ ਦੇ ਲਈ ?
ਕੋਈ ਚੁਕਾਏਗਾ ਕੀ ਇਸ ਅਹਿਸਾਨ ਦਾ ਬਦਲਾ ?
ਰਹੇਗਾ ਹਿੰਦ ਦੇ ਸਿਰ ਤੇ ਅਹਿਸਾਨ ਕਾਬਲ ਦਾ ।

ਉਹ ਜਿਸ ਨੇ ਮੁਰਦਾ ਮੁਲਕ ਨੂੰ ਜਗਾਇਆ ਦਿਨ ਰਾਤੀਂ,
ਉਹ ਨਗ਼ਮਾ ਨੂਰ ਦਾ ਜਿਸ ਨੇ ਸੁਣਾਇਆ ਦਿਨ ਰਾਤੀਂ,
ਉਹ ਜਿਸ ਦੀ ਖ਼ਾਕ ਨੇ ਕੀਤੀ ਹੈ ਤਾਰਿਆਂ ਤੇ ਜਿਲਾ,
ਉਹ ਜਿਸ ਦੀ ਜ਼ਿੰਦਾ ਖ਼ੁਦੀ ਨੇ ਮਨਾਇਆ ਏ ਖ਼ੁਦਾ,
ਬਲੰਦ ਕੀਤਾ ਏ ਜਿਸ ਨੇ ਮੁਲਕ ਦਾ ਸਿਰ ਆਖਰ,
ਰਹੇਂਗਾ ਓਸ ਤੋਂ ਗਾਫ਼ਲ ਤੂੰ ਕਿੰਨਾ ਚਿਰ ਆਖਰ ?
ਕਵੀ ਤੇ ਕਰ ਗਏ ਪਰਦਾ ਕਦਰ ਦਾ ਅਫ਼ਗਾਨੀ;
ਅਜ਼ਾਦੀਆਂ 'ਚ ਹੈ ਜ਼ਿੰਦਾ ਅਜੇ ਮੁਸਲਮਾਨੀ ।
ਰਹੇਗੀ ਦੇਸ ਤੇਰੀ ਆਨ ਪਰ ਹਰਨ ਕਦ ਤਕ ?
ਜਗੂ ਨਾ ਕਦਰ ਦੀ ਜੋਤੀ ਤੋਂ ਤੇਰਾ ਮਨ ਕਦ ਤਕ ?
ਕੋਈ ਨਾ ਨਿਕਲਿਆ ਖ਼ੁੱਦਾਰ ਅਪਣੀ ਮਹਿਫਲ 'ਚੋਂ,
ਖ਼ੁਦੀ ਦੀ ਜੋਤ ਜਗੀ ਪਰ ਪਹਾੜ ਦੇ ਦਿਲ 'ਚੋਂ ।
ਉਹ ਜਿਸ ਨੇ ਜ਼ਿੰਦਗੀ ਲਾਈ ਮਨੁੱਖਤਾ ਦੇ ਲਈ,
ਉਹ ਦੇਵਤਾ ਜੋ ਕਿ ਆਇਆ ਸੀ ਏਸ਼ੀਆ ਦੇ ਲਈ,



Digitized by Panjab Digital Library | www.panjabdigilib.org

ਉਹ ਜਿਸ ਦੀ ਤੜਪ ਹਮੇਸ਼ਾਂ ਏ ਜ਼ਿੰਦਗੀ ਦੇ ਲਈ,
ਸਦਾ ਹੀ ਖ਼ੂਨ ਛਿਣਕਿਆ ਹੈ ਆਦਮੀ ਦੇ ਲਈ।
ਬੜਾ ਅਸਾਨ ਹੈ ਮਸ਼ਹੂਰ ਚੰਦ, ਰਵੀ ਹੋਣਾ;
ਬੜਾ ਮੁਹਾਲ ਹੈ ਪਰ ਫ਼ਲਸਫ਼ੀ ਕਵੀ ਹੋਣਾ।
ਚਿਰਾਂ ਤੋਂ ਬਾਦ ਹੀ ਇਕਬਾਲ ਆਇਗਾ ਸ਼ਾਇਦ,
ਇਹ ਹਿੰਦ ਫੇਰ ਵੀ ਨਾ ਕਦਰ ਪਾਇਗਾ ਸ਼ਾਇਦ !
ਜ਼ਬਾਨ ਅਪਣੀ ਏ ਫੋਕੀ ਕਹਾਣੀਆਂ ਦੇ ਲਈ;
ਅਮਲ ਤਾਂ ਮੌਤ ਹੈ ਬਸ ਹਿੰਦੀ-ਬਾਣੀਆਂ ਦੇ ਲਈ !



Digitized by Panjab Digital Library | www.panjabdigilib.org

## ਰੂਸ

ਸੀ ਯੁੱਗਾਂ ਤੋਂ ਕਲਪਨਾ ਇਨਸਾਨ ਦੀ।
ਕਲਪਨਾ ਅਗਨੀ ਹੈ ਉਹ
ਜਨਮ ਦਿੰਦੀ ਏ ਤਰੱਕੀ ਦੀ ਜੋ ਹਰ ਇਕ ਲਾਟ ਨੂੰ;
ਕਲਪਨਾ ਸੋਤਾ ਹੈ ਜਿਸ 'ਚੋਂ ਰਾਤ ਦਿਨ
ਵਗ ਰਹੇ ਨੇ ਨਿਤ ਨਵੇਂ ਦਰਿਆ ਕਈ,
ਹੁੰਦੇ ਰਹਿੰਦੇ ਨੇ ਅਬਾਦ
ਕਾਲੇ ਮਾਰੂ-ਥਲ ਕਈ, ਜੰਗਲ ਕਈ।
ਕਲਪਨਾ ਮੰਜ਼ਲ 'ਚ ਹੈ ਐਸੀ ਕਸ਼ਿਸ਼
ਖਿੱਚਦੀ ਰਹਿੰਦੀ ਏ ਜੋ ਦਿਲ ਨੂੰ ਸਦਾ,
ਪੈਰ ਉਠਦੇ ਨੇ ਅਮਲ ਦੇ ਰਾਹ ਤੇ,
ਕਰਮ ਨੂੰ ਫਿਰ ਰੋਕ ਦੀ ਪਰਵਾਹ ਨਹੀਂ,
ਰੋਕਦਾ ਰਸਤਾ ਕੋਈ ਦਰਿਆ ਨਹੀਂ।
ਕਲਪਨਾ ਅਗਨੀ ਹੈ ਉਹ
ਮੁਸ਼ਕਲਾਂ ਨੂੰ, ਬੰਧਨਾਂ ਨੂੰ ਫੂਕਦੀ



Digitized by Panjab Digital Library | www.panjabdigilib.org

ਤੁਰਦੀ ਰਹਿੰਦੀ ਏ ਸੁਨਹਿਰੀ ਸੁਪਨ ਦੇ ਪਰਕਾਸ਼ ਵਿਚ ।
ਸੀ ਯੁਗਾਂ ਤੋਂ ਕਲਪਨਾ ਇਨਸਾਨ ਦੀ:
ਐਸਾ ਇਕ ਹੋਵੇ ਬਹਿਸ਼ਤ
ਜਿਸ 'ਚ ਹੋਵੇ ਆਦਮੀ ਹਰ ਆਦਮੀ;
ਕੁਹਜ ਨਾ ਆਏ ਨਜ਼ਰ,
ਭੁੱਖ ਨਾ ਆਏ ਨਜ਼ਰ,
ਰੂਹ ਨਾ ਪਿਆਸੀ ਰਹੇ ।
ਆਤਮਾ ਨਾ ਲੋੜ ਤੋਂ ਹੋਵੇ ਉਦਾਸ ।
ਆਏ ਕੋਈ ਆਸ ਨਾ ਮਰਦੀ ਨਜ਼ਰ ।
ਨਾ ਕੋਈ ਵੇਚੇ ਜ਼ਮੀਰ ।
ਨਜ਼ਰ ਨਾ ਆਏ ਕਿਤੇ ਕੋਈ ਫ਼ਕੀਰ ।
ਹੱਕ ਦੇ ਸੂਰਜ ਨੂੰ ਨਾ ਉੱਚੇ ਮਕਾਨ
ਰੋਕ ਰੱਖਣ ਝੁੱਗੀਆਂ ਵਲ ਜਾਣ ਤੋਂ ।
ਕੋਈ ਬੀਜੇ, ਫਲ ਨਾ ਖਾ ਜਾਏ ਕੋਈ;
ਰਾਜ ਹੋਵੇ ਆਦਮੀਅਤ ਦਾ ਸਦਾ ।
ਸੀ ਯੁਗਾਂ ਤੋਂ ਕਲਪਨਾ ਇਨਸਾਨ ਦੀ.
ਐਸਾ ਇਕ ਹੋਵੇ ਬਹਿਸ਼ਤ
ਜਿਸ 'ਚ ਹੋਵੇ ਆਦਮੀ, ਹਰ ਆਦਮੀ ।
ਇਸ ਲਈ ਅਵਤਾਰ ਵੀ ਆਏ ਕਈ,



Digitized by Panjab Digital Library | www.panjabdigilib.org

ਲੈ ਕੇ ਪਰ ਤਲਵਾਰ ਵੀ ਆਏ ਕਈ,
ਆਦਮੀ ਦੀ ਕਲਪਨਾ ਦਾ ਇਹ ਬਹਿਸ਼ਤ
ਅੰਬਰਾਂ ਵਿਚ ਜਾਂ ਦਮਾਗ਼ਾਂ ਵਿਚ ਰਿਹਾ ।

'ਮਾਰਕਸ' ਵਿਚ ਫੇਰ ਜਾਗੀ ਕਲਪਨਾ।
ਸੋਚਿਆ ਉਸ ਨੇ ਕਿ ਹਰ ਇਕ ਕਲਪਨਾ
ਪੂਰੀ ਹੋਈ ਏ ਸਦਾ ਇਨਸਾਨ ਦੀ
ਪਰ ਅਧੂਰੀ ਇਹ ਅਜੇ ਤਕ ਕਿਉਂ ਰਹੀ ?
ਭੁੱਖ ਦਾ ਇਲਾਜ ਨਾ ਕੀਤਾ ਕਦੀ,
ਪੇਟ ਦੇ ਦੁਖ ਦੀ ਬਣਾਈ ਨਾ ਦਵਾ ।
ਖ਼ੂਬ ਹੀ ਖਾਂਦਾ ਰਿਹਾ ਜਗ ਨੂੰ ਵਪਾਰ,
ਖੂਬ ਰਤ ਪੀਂਦਾ ਰਿਹਾ ਜ਼ਾਲਮ ਵਿਆਜ ।
ਪੈਣ ਨਾ ਦਿਤਾ ਸਚਾਈ ਦਾ ਰਵਾਜ
ਲੱਛਮੀ ਦੇ ਪੁੱਤਰਾਂ ਨੇ ਹੀ ਸਦਾ ।
ਧਰਮ ਦਾ ਹਥਿਆਰ ਲੈ ਕੇ ਧਨ-ਕੁਬੇਰ
ਆਮ ਖ਼ਲਕਤ ਦੇ ਗਲੇ ਕਟਦਾ ਰਿਹਾ ।
ਕਿਸ ਤਰ੍ਹਾਂ ਬਣਦਾ ਬਹਿਸ਼ਤ ?
ਆਦਮੀ ਨੂੰ ਆਦਮੀ ਖਾਂਦਾ ਰਿਹਾ !
ਦੇਖ ਕੇ ਦੁਨੀਆ ਤੇ ਪਹਿਲਾ ਹੀ ਹਨੇਰ,



Digitized by Panjab Digital Library | www.panjabdigilib.org

ਦੇਖ ਕੇ ਧਰਤੀ ਤੇ ਜ਼ੁਲਮ,
ਮਾਰਕਸ ਵਿਚ ਫੇਰ ਜਾਗੀ ਕਲਪਨਾ:
ਐਸਾ ਇਕ ਹੋਵੇ ਬਹਿਸ਼ਤ
ਜਿਸ 'ਚ ਹੋਵੇ ਆਦਮੀ ਹਰ ਆਦਮੀ।
ਏਹੋ ਦੁਨੀਆ ਅਰਸ਼ ਦਾ ਹੋਵੇ ਬਹਿਸ਼ਤ,
ਫਰਸ਼ ਦਾ ਹੋਵੇ ਬਹਿਸ਼ਤ।
ਕਲਪਨਾ ਲਿਖਦਾ ਗਿਆ, ਕਹਿੰਦਾ ਗਿਆ;
ਅਮਲ ਕਰਦਾ ਸਖਤੀਆਂ ਸਹਿੰਦਾ ਰਿਹਾ।
ਲੱਖ ਦਬਾਏ ਵੀ ਗਏ ਉਸ ਦੇ ਖਿਆਲ,
ਲੱਖ ਲੁਕਾਏ ਰੇਸ਼ਮੀ ਪਰਦੇ ਦੇ ਨਾਲ।
ਕਲਪਨਾ ਅਗਨੀ ਹੈ ਉਹ
ਪਰਬਤਾਂ ਹੇਠਾਂ ਵੀ ਲੁਕ ਸਕਦੀ ਨਹੀਂ,
ਬਣ ਕੇ ਆਉਂਦੀ ਏ ਭੁਚਾਲ।
ਫੇਰ ਜਾਗੇ ਮਾਰਕਸ ਦੇ ਸਭ ਖਿਆਲ
ਅਪਣੇ ਦੇਸੋਂ ਪਾਰ ਜਾ ਕੇ ਰੂਸ ਵਿਚ।

ਹੱਲ ਹੋਣਾ ਹੀ ਸੀ ਦੁਨੀਆ ਦਾ ਸੁਆਲ;
ਜਾਗਿਆ ਸਭ ਰੂਸ ਦਮ ਲੈਨਿਨ ਦੇ ਨਾਲ।
ਸੀ ਯੁਗਾਂ ਤੋਂ ਕਲਪਨਾ ਇਨਸਾਨ ਦੀ



Digitized by Panjab Digital Library | www.panjabdigilib.org

ਹੋ ਗਈ ਸਾਕਾਰ ਆ ਕੇ ਰੂਸ ਵਿਚ ।
ਏਸ਼ੀਆ ਯੂਰਪ ਦਾ ਹੈ ਜਿਸ ਥਾਂ ਤੇ ਮੇਲ,
ਦੋਹਾਂ ਬੱਰਾਆਜ਼ਮਾਂ ਦੇ ਦਰਮਿਆਨ
ਹੋ ਗਿਆ ਪੈਦਾ ਬਹਿਸ਼ਤ
ਜਿਸ 'ਚ ਹੋਇਆ ਆਦਮੀ ਫਿਰ ਆਦਮੀ !
ਭੁੱਖ ਨੂੰ ਕੋਈ ਨ ਥਾਂ ਬਾਕੀ ਰਹੀ ;
ਸਾਂਝਤਾ ਦਾ ਵੀ ਉਜਾਲਾ ਹੋ ਗਿਆ ।
ਜਿਸ ਤੋਂ ਵਿਕਦੀ ਸੀ ਜ਼ਮੀਰ
ਤਾਪ ਉਹ ਜਾਂਦਾ ਰਿਹਾ ।
ਆਦਮੀ ਇਸ ਥਾਂ ਨਹੀਂ ਦੁਖ ਦੇ ਲਈ ;
ਹੁਣ ਪੁਰਾਣੀ ਹੱਡੀਆਂ ਦਾ ਭਾਰ ਵੀ ਸਿਰ ਤੇ ਨਹੀਂ ।
ਹਾਲੇ ਮਾਨਵਤਾ ਦੀ ਆਈ ਸੀ ਬਹਾਰ,
ਹਾਏ ! ਪਰ ਦੌਲਤ ਦਿਆਂ ਭੂਤਾਂ ਨੂੰ ਇਹ ਭਾਈ ਨਹੀਂ !

ਰਿੜਕ ਕੇ ਦੁੱਖਾਂ ਦਾ ਸਾਗਰ ਨਿਕਲਿਆ ਅੰਮ੍ਰਿਤ ਸੀ ਇਹ,
ਰਾਖਸ਼ਸ ਪਰ ਆ ਗਏ ਨੇ ਖੁਹਣ ਨੂੰ !
ਫੇਰ ਵੀ ਲੱਖਾਂ ਨੇ ਸਾਨੂੰ ਹੌਸਲੇ
ਦੇਵਤੇ ਹੀ ਪੀਣਗੇ ਇਸ ਨੂੰ ਸਦਾ ;
ਕੋਈ ਰਾਕਸ਼ ਇਸ ਨੂੰ ਪੀ ਸਕਦਾ ਨਹੀਂ,



Digitized by Panjab Digital Library | www.panjabdigilib.org

ਅਮਰ ਹੋ ਸਕਦੇ ਨਹੀਂ ਇਹ ਪੀ ਕੇ ਭੂਤਾਂ ਦੇ ਖਿਆਲ ।
ਦਿਲ 'ਚ ਲੱਖਾਂ ਆਸਰੇ ਰਖਦਾ ਹਾਂ ਮੈਂ,
ਮਰ ਨਹੀਂ ਸਕਦਾ ਬਹਿਸ਼ਤ,
ਮਰ ਨਹੀਂ ਸਕਦੇ ਖਿਆਲ ।
ਆਦਮੀ ਮਰ ਜਾਣ ਕੁਝ ਪਰਵਾਹ ਨਹੀਂ;
ਕੋਈ ਦੁਨੀਆ ਦਾ ਜ਼ੁਲਮ
ਬੰਦ ਕਰ ਸਕਦਾ ਅਮਲ ਦਾ ਰਾਹ ਨਹੀਂ ।
ਹੈ ਯੁਗਾਂ ਤੋਂ ਕਲਪਨਾ ਇਨਸਾਨ ਦੀ
ਐਸਾ ਇਕ ਹੋਵੇ ਬਹਿਸ਼ਤ
ਜਿਸ 'ਚ ਹੋਵੇ ਆਦਮੀ ਹਰ ਆਦਮੀ ।
ਇਕ ਵਾਰ ਆਇਆ ਕਈ ਵਾਰ ਆਏਗਾ
ਆਦਮੀ ਦੀ ਕਲਪਨਾ ਦਾ ਇਹ ਬਹਿਸ਼ਤ ।

(25)



Digitized by Panjab Digital Library | www.panjabdigilib.org

ਲੱਖ ਦੀਵੇ ਬਾਲੇ ਇਹ ਦੀਵਾ,
ਰਾਈ ਨੂਰ ਘਟੇ ਨ ਇਸ ਦਾ।



Digitized by Panjab Digital Library | www.panjabdigilib.org

# ਬੰਦਰਗਾਹ

ਬਾਵਾ ਬਲਵੰਤ

ਇਸ ਪੁਸਤਕ ਵਿਚ ਬਾਵਾ ਜੀ ਦੀਆਂ ਨਵੀਆਂ ਤੇ ਚੋਟੀ ਦੀਆਂ ਕਵਿਤਾਵਾਂ ਹਨ, ਜਿਨ੍ਹਾਂ ਨੂੰ ਪੰਜਾਬੀ ਦੇ ਦੋ ਉੱਘੇ ਵਿਦਵਾਨਾਂ ਨੇ ਐਸੇ ਸੁਚੱਜੇ ਢੰਗ ਨਾਲ ਐਡਿਟ ਕੀਤਾ ਹੈ, ਕਿ ਪਾਠਕ ਬਾਵਾ ਜੀ ਦੀ ਕਵਿਤਾ ਨੂੰ ਜ਼ਿਆਦਾ ਤੋਂ ਜ਼ਿਆਦਾ ਸਮਝ ਤੇ ਮਾਣ ਸਕਦੇ ਹਨ। ਹਰ ਇਕ ਕਵਿਤਾ ਦੇ ਨਾਲ ਨਾਲ ਉਸ ਦਾ ਭਾਵ, ਔਖੇ ਸ਼ਬਦਾਂ ਤੇ ਤੁਕਾਂ ਦੇ ਨੋਟ, ਇਤਿਹਾਸਕ ਤੇ ਮਿਥਿਹਾਸਕ ਇਸ਼ਾਰੇ, ਤੇ ਹੋਰ ਗੁੰਝਲਾਂ ਖੋਲ੍ਹ ਕੇ ਸਮਝਾਇਆ ਗਿਆ ਹੈ। ਪੁਸਤਕ ਦੇ ਸ਼ੁਰੂ ਵਿਚ ਕਵੀ ਦੀ ਕਵਿਤਾ ਤੇ ਉਸ ਦੇ ਹੁਨਰ, ਫ਼ਲਸਫ਼ੇ, ਖ਼ਿਆਲਾਂ ਆਦ ਉਤੇ ਪੂਰੀ ਰੌਸ਼ਨੀ ਪਾਈ ਗਈ ਹੈ।

ਇਹ ਉਹ ਪੁਸਤਕ ਹੈ ਜਿਸ ਤੇ ਇਕ ਦਿਨ ਏਸ਼ੀਆ ਨਾਜ਼ ਕਰੇਗਾ ਤੇ ਸਾਰਾ ਸੰਸਾਰ ਮਾਣ ਕਰੇਗਾ। ਇਕ ਦਿਨ ਹਿਰਦੇ ਦੀ ਉੱਚ ਭਾਵਨਾ ਨਾਲ ਬਣਾਈ ਗਈ ਇਸ ਬੰਦਰਗਾਹ ਤੋਂ ਇਨਸਾਨ ਦਾ ਜਹਾਜ਼ ਪੂਰਨਤਾ ਵਲ ਜਾਂਦਾ ਨਜ਼ਰ ਆਏਗਾ। ਇਨ੍ਹਾਂ ਕਵਿਤਾਵਾਂ ਦੇ ਵਿਚਾਰ, ਕਲਪਨਾ ਤੇ ਰਾਗ ਵਿਚ ਸਾਗਰਾਂ ਦੀ ਡੂੰਘਾਈ, ਅਰਸ਼ਾਂ ਦੀ ਵਿਸ਼ਾਲਤਾ ਤੇ ਹਵਾ ਦੀ ਸਹਿਜ ਰਵਾਨੀ ਪ੍ਰਤੀਤ ਹੁੰਦੀ ਹੈ। ਇਨ੍ਹਾਂ ਵਿਚੋਂ ਦਿਲ ਦੀਆਂ ਗੁੱਝੀਆਂ ਪੀੜਾਂ ਤੇ ਆਤਮਾ ਵਿਚ ਹੋ ਰਹੇ ਗੁੱਝੇ ਘੋਲ ਅੱਖਾਂ ਅੱਗੇ ਸਾਕਾਰ ਹੋ ਉਠਦੇ ਹਨ। ਤੇ ਇਨ੍ਹਾਂ ਵਿਚੋਂ ਹੀ ਹਰ ਇਕ ਨੂੰ ਆਪਣੇ ਅੰਦਰ ਦਾ ਅਸਲੀ ਸਰੂਪ ਨਜ਼ਰ ਆਉਂਦਾ ਹੈ। ਇਨ੍ਹਾਂ ਗੀਤਾਂ ਵਿਚੋਂ ਮਾਨਵਤਾ ਦੀਆਂ ਮੁਸ਼ਕਲਾਂ ਦਾ ਹੱਲ ਲਭਦਾ ਹੈ ਤੇ ਹਰ ਹਿਰਦਾ ਅਮਨ ਦਾ ਪੈਗ਼ਾਮ ਸੁਣਦਾ ਹੈ। ਸੱਤ, ਸ਼ਿਵ ਤੇ ਸੁੰਦਰਤਾ ਦੀ ਅਮਰ ਨੀਂਹ ਉਤੇ ਉਸਰੀ ਇਹ ਕਵਿਤਾ ਹਰ ਕੌਮ ਤੇ ਹਰ ਹਿਰਦੇ ਦੀ ਸਾਂਝੀ ਹੈ। ਹਰ ਨਜ਼ਮ ਵਿਚੋਂ ਕੋਈ ਗੂੜ੍ਹਾ ਫਲਸਫ਼ਾ, ਕੋਈ ਅਟਲ ਹਕੀਕਤ ਤੇ ਕੋਈ ਅਨੰਤ ਨੂਰ ਉਜਾਗਰ ਹੁੰਦਾ ਹੈ।

ਇਹ ਪੁਸਤਕ ਪੂਰਨ ਕਲਾਕਾਰੀ ਦਾ ਅਨੂਠਾ ਨਮੂਨਾ ਹੈ।

Digitized by Panjab Digital Library | www.panjabdigilib.org